P.O. Regn. G/CHD/0090/2021-2023 ਭੇਟਾ 10/-

# ਗੁਰਬਾਣੀ ਚਾਨਣੁ

ਅੰਕ 08 ਨਾਨਕਸ਼ਾਹੀ ਸੰਮਤ 555 ਸਾਵਣ/ਭਾਦੋਂ ਅਗਸਤ, 2023 ਸਾਲ 41

ਨੈਨਹੁ ਨੀਰੁ ਬਹੈ ਤਨੁ ਖੀਨਾ ਭਏ ਕੇਸ ਦੁਧ ਵਾਨੀ ॥ ਰੂਧਾ ਕੰਠੁ ਸਬਦੁ ਨਹੀ ਉਚਰੈ ਅਬ ਕਿਆ ਕਰਹਿ ਪਰਾਨੀ ॥੧॥ ਰਾਮ ਰਾਇ ਹੋਹਿ ਬੈਦ ਬਨਵਾਰੀ ॥ ਅਪਨੇ ਸੰਤਹ ਲੇਹੁ ਉਬਾਰੀ ॥੧॥ ਰਹਾਉ ॥ ਮਾਥੇ ਪੀਰ ਸਰੀਰਿ ਜਲਨਿ ਹੈ ਕਰਕ ਕਰੇਜੇ ਮਾਹੀ ॥ ਐਸੀ ਬੇਦਨ ਉਪਜਿ ਖਰੀ ਭਈ ਵਾ ਕਾ ਅਉਖਧੁ ਨਾਹੀ ॥੨॥ ਅੰਮ੍ਰਿਤ ਜਲੁ ਨਿਰਮਲੁ ਇਹੁ ਅਉਖਧੁ ਜਗਿ ਸਾਰਾ ॥ ਗੁਰ ਪਰਸਾਦਿ ਕਹੈ ਜਨੁ ਭੀਖਨੁ ਪਾਵਉ ਮੋਖ ਦੁਆਰਾ ॥੩॥

(ਅੰਗ-659)

'ਗੁਰਬਾਣੀ ਇਸੁ ਜਗ ਮਹਿ ਚਾਨਣੁ'
ਪ੍ਰਚਾਰ ਤੇ ਪ੍ਰਸਾਰ ਸੰਸਥਾ
ਭਵਨ ਨੰ. 6, ਫੇਜ 3-ਏ, ਐਸ.ਏ.ਐਸ.ਨਗਰ (ਮੋਹਾਲੀ)
ਫੋਨ ਨੰ. 0172-2913729, 98156-50812

ੴ ਸਤਿਗੁਰ ਪ੍ਰਸਾਦਿ ॥

**ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥**
**ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥**

(ਰਾਗੁ ਬਿਲਾਵਲੁ ਮਹਲਾ ੧ ਚਉਪਦੇ ਘਰੁ ੧ ॥, ਅੰਗ-੭੯੬)

ਸੰਸਥਾ ਦੇ ਕਾਰਜਾਂ ਲਈ ਬੈਂਕ ਵਿੱਚ ਸਹਾਇਤਾ ਰਾਸ਼ੀ ਭੇਜਣ ਲਈ ਪਤਾ :

| | | |
|---|---|---|
| Bank A/C Name | : | Gurbani Iss Jag Meh Chanan |
| Bank Name | : | Panjab National Bank (Phase-1, Mohali) |
| Bank A/c No | : | 1155000100132409 |
| IFSC Code | : | PUNB0040810 |

SWIFT Code (FOR FOREIGN REMITTENCE) : PUNBINBBMOH


Ph.No. 0172-2913729, 98156-50812 Web : www.gurbanichanan.org
E-mail : gurbanichanan1125@gmail.com



**ਬਾਨੀ (Founder) : ਗੁਰਪੁਰਵਾਸੀ ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ**
**ਮੁੱਖ ਸੇਵਾਦਾਰ : ਸ.ਕੁਲਬੀਰ ਸਿੰਘ**
**ਮੁੱਖ ਸੰਪਾਦਕ : ਡਾ.ਪਰਮਜੀਤ ਸਿੰਘ ਸਹਿ ਸੰਪਾਦਕ : ਡਾ.ਗੁਰਬਚਨ ਸਿੰਘ**
**ਸੰਪਾਦਕੀ ਬੋਰਡ : ਸ.ਹਰੀ ਸਿੰਘ ਕੁਵੈਤ ਵਾਲੇ, ਸ.ਗੁਲਜਾਰ ਸਿੰਘ**


## ਤਤਕਰਾ


| | | | |
|---|---|---|---|
| 1. | ਭਗਤ ਭੀਖਣ ਜੀ ਅਤੇ ਸ਼ੇਖ ਫਰੀਦ ਜੀ ਦੀ ਬਾਣੀ 'ਚ ਇਕਸੁਰਤਾ | ਡਾ.ਪਰਮਜੀਤ ਸਿੰਘ | 03 |
| 2. | ਪੂਜਾ ਅਕਾਲ ਕੀ | ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ | 09 |
| 3. | ਸਿਹਤ ਸੰਭਾਲ (ਆਂਵਲਾ ਜਾਂ ਆਮਲਾ) | ਸ.ਸੁਰਿੰਦਰ ਸਿੰਘ | 16 |
| 4. | ਲੋਭ | ਸ.ਪਰਮਜੀਤ ਸਿੰਘ | 19 |
| 5. | ਚੌਂਕੀਆਂ ਝੰਡੇ ਬੁੰਗੇ ਜੁਗੋ ਜੁਗ ਅਟੱਲ | ਡਾ.ਗੁਰਬਚਨ ਸਿੰਘ | 26 |
| 6. | ਮੀਰੀ ਅਤੇ ਪੀਰੀ (ਕਵਿਤਾ) | ਸ.ਹਰਜਿੰਦਰ ਸਿੰਘ | 32 |
| 7. | ਖਬਰਾਵਲੀ | ਸੰਪਾਦਕ | 33 |



ਨੋਟ : ਪਰਚੇ ਵਿਚ ਛਪੇ ਲੇਖਾਂ ਵਿਚ ਲੇਖਕਾਂ ਦੇ ਆਪਣੇ ਵਿਚਾਰ ਹਨ। ਬੇਸ਼ਕ ਸਾਰੇ ਲੇਖ ਪੂਰੀ ਛਾਣ-ਬੀਨ ਤੋਂ ਬਾਅਦ ਛਾਪੇ ਜਾਂਦੇ ਹਨ, ਪਰ ਫੇਰ ਵੀ ਸੰਪਾਦਕੀ ਬੋਰਡ ਦਾ ਇਨ੍ਹਾਂ ਨਾਲ ਸਹਿਮਤ ਹੋਣਾ ਜਰੂਰੀ ਨਹੀਂ ।



ਪ੍ਰਿੰਟਰ ਅਤੇ ਪਬਲਿਸ਼ਰ ਡਾ.ਪਰਮਜੀਤ ਸਿੰਘ ਨੇ "ਗੁਰਬਾਣੀ ਇਸੁ ਜਗ ਮਹਿ ਚਾਨਣੁ" ਪ੍ਰਚਾਰ ਤੇ ਪ੍ਰਸਾਰ ਸੰਸਥਾ ਵਾਸਤੇ ਮਜੈਸਟਿਕ ਪ੍ਰਿੰਟਿੰਗ ਪ੍ਰੈਸ, ਮੋਹਾਲੀ ਤੋਂ ਛਪਵਾ ਕੇ ਸੰਸਥਾ ਦੇ ਦਫਤਰ ਭਵਨ ਨੰ.6, ਫੇਜ਼-3-ਏ, ਮੋਹਾਲੀ (ਪੰਜਾਬ) ਤੋਂ ਪ੍ਰਕਾਸ਼ਿਤ ਕੀਤਾ।

# ਭਗਤ ਭੀਖਣ ਜੀ ਅਤੇ ਸ਼ੇਖ ਫਰੀਦ ਜੀ ਦੀ ਬਾਣੀ 'ਚ ਇਕਸੁਰਤਾ

ਵਿਆਖਿਆਕਾਰ ਡਾ.ਪਰਮਜੀਤ ਸਿੰਘ, ਮੋ. 87259-00257

ਰਾਗੁ ਸੋਰਠਿ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਗ ੬੫੯ ਉੱਪਰ ਭਗਤ ਭੀਖਣ ਜੀ ਦਾ ਇੱਕ ਸ਼ਬਦ ਵਿਸ਼ੇਸ਼ ਧਿਆਨ ਮੰਗਦਾ ਹੈ ਜਿਸ ਵਿੱਚ ਬਿਆਨ ਕੀਤੇ ਗਏ ਵਿਚਾਰਾਂ ਨੂੰ ਸ਼ੇਖ ਫਰੀਦ ਜੀ ਦੀ ਬਾਣੀ ਨਾਲ ਤੁਲਨਾ ਕੀਤੀ ਜਾਵੇ ਤਾਂ ਸਾਨੂੰ ਉਨ੍ਹਾਂ ਦੋਹਾਂ ਦੇ ਵਿਚਾਰਾਂ ਦੀ ਇਕਸੁਰਤਾ ਤੇ ਸਮਾਨਤਾ ਸਪਸ਼ਟ ਭਾਂਤ ਦਿਖਾਈ ਦੇਵੇਗੀ। ਇਸ ਸ਼ਬਦ ਦਾ ਪਾਠ ਇਸ ਪ੍ਰਕਾਰ ਹੈ :

**ਰਾਗੁ ਸੋਰਠਿ ਬਾਣੀ ਭਗਤ ਭੀਖਨ ਕੀ ੴ ਸਤਿਗੁਰ ਪ੍ਰਸਾਦਿ ॥ ਨੈਨਹੁ ਨੀਰੁ ਬਹੈ ਤਨੁ ਖੀਨਾ ਭਏ ਕੇਸ ਦੁਧ ਵਾਨੀ ॥ ਰੂਧਾ ਕੰਠੁ ਸਬਦੁ ਨਹੀ ਉਚਰੈ ਅਬ ਕਿਆ ਕਰਹਿ ਪਰਾਨੀ ॥੧॥ ਰਾਮ ਰਾਇ ਹੋਹਿ ਬੈਦ ਬਨਵਾਰੀ ॥ ਅਪਨੇ ਸੰਤਹ ਲੇਹੁ ਉਬਾਰੀ ॥੧॥ ਰਹਾਉ ॥ ਮਾਥੇ ਪੀਰ ਸਰੀਰਿ ਜਲਨਿ ਹੈ ਕਰਕ ਕਰੇਜੇ ਮਾਹੀ ॥ ਐਸੀ ਬੇਦਨ ਉਪਜਿ ਖਰੀ ਭਈ ਵਾ ਕਾ ਅਉਖਧੁ ਨਾਹੀ ॥੨॥ ਹਰਿ ਕਾ ਨਾਮੁ ਅੰਮ੍ਰਿਤ ਜਲੁ ਨਿਰਮਲੁ ਇਹੁ ਅਉਖਧੁ ਜਗਿ ਸਾਰਾ ॥ ਗੁਰ ਪਰਸਾਦਿ ਕਹੈ ਜਨੁ ਭੀਖਨੁ ਪਾਵਉ ਮੋਖ ਦੁਆਰਾ ॥੩॥੧॥**

ਅਰਥ : ਆਪਣੇ ਜੀਵਨ ਦੀ ਅਵਸਥਾ ਨੂੰ ਅਧਾਰ ਬਣਾ ਕੇ ਭਗਤ ਜੀ ਆਖਦੇ ਹਨ, ਹੇ ਜੀਵ ! ਤੇਰੀ ਹੁਣ ਬਿਰਧ ਅਵਸਥਾ ਆ ਚੁੱਕੀ ਹੈ। ਤੇਰੀਆਂ ਅੱਖਾਂ ਵਿੱਚੋਂ ਪਾਣੀ ਵਗਦਾ ਹੈ ਅਰਥਾਤ ਤੇਰੀਆਂ ਅੱਖਾਂ ਕਮਜੋਰ ਹੋ ਗਈਆਂ ਹਨ ਤੇ ਵੇਖਣ ਦੀ ਸ਼ਕਤੀ ਘੱਟ ਗਈ ਹੈ। ਤੇਰਾ ਸਰੀਰ ਵੀ ਖੀਣ ਅਥਵਾ ਬਲਹੀਣ ਹੋ ਗਿਆ ਹੈ ਅਰਥਾਤ ਇਸ ਵਿੱਚ ਜਵਾਨੀ ਵਾਲੀ ਤਾਕਤ ਅਤੇ ਕੰਮ ਕਰਨ ਦੀ ਸ਼ਕਤੀ ਘੱਟ ਗਈ ਹੈ। ਤੇਰੇ ਕੇਸ ਵੀ ਹੁਣ ਦੁੱਧ ਵਰਗੇ ਚਿੱਟੇ ਹੋ ਗਏ ਹਨ। ਜਵਾਨੀ ਵਾਲੇ ਕਾਲੇ ਵਾਲਾ ਦੀ ਥਾਂ ਤੇ ਬੁਢਾਪੇ ਦੀ ਨਿਸ਼ਾਨੀ ਚਿੱਟੇ ਵਾਲ ਨਜ਼ਰ ਆਉਣ ਲੱਗੇ ਹਨ। ਗਲੇ ਵਿੱਚ ਬਲਗਮ ਦੇ ਰੁੱਕਣ ਦੇ ਕਾਰਨ ਹੁਣ ਗਲੇ ਵਿੱਚੋਂ ਤੇਰੇ ਬੋਲ ਵੀ ਨਹੀਂ ਨਿਕਲਦੇ ਅਰਥਾਤ ਤੂੰ ਗੱਲ ਬਾਤ ਕਰਨ ਅਤੇ ਦੂਜੇ ਅੱਗੇ ਆਪਣੀ ਬਿਰਥਾ ਬੋਲ ਕੇ ਕਹਿਣ ਦੇ ਯੋਗ ਵੀ ਨਹੀਂ ਰਿਹਾ।

ਜਦੋਂ ਸਰੀਰ ਦੀ ਇਹ ਹਾਲਤ ਹੋ ਗਈ ਹੋਵੇ ਤਾਂ ਪ੍ਰਾਣੀ ਕੀ ਕਰ ਸਕਦਾ ਹੈ ਅਰਥਾਤ ਹੁਣ ਜਪ-ਤਪ ਤੇ ਨਾਮ ਸਿਮਰਨ ਨਹੀਂ ਹੋ ਸਕਦਾ।

ਆਪਣੀ ਅਜਿਹੀ ਹਾਲਤ ਵੱਲ ਵੇਖ ਕੇ ਬੇਨਤੀ ਕਰਦੇ ਹਨ ਕਿ ਹੇ ਮੇਰੇ ਰਾਮ ਰਾਜਾ ! ਤੂੰ ਸੰਸਾਰ ਰੂਪੀ ਬਨ ਦਾ ਮਾਲਕ ਹੈ। ਮੇਰੀ ਤੇਰੀ ਅੱਗੇ ਬੇਨਤੀ ਹੈ ਕਿ ਤੂੰ ਆਪਣੇ ਸੰਤਾਂ ਨੂੰ ਇਨ੍ਹਾਂ ਦੁੱਖਾਂ ਤੋਂ ਬਚਾਅ ਲੈ।

ਆਪਣੀ ਬੁਢਾਪੇ ਵਿੱਚ ਆਈ ਦਸ਼ਾ ਨੂੰ ਹੋਰ ਬਿਆਨ ਕਰਦੇ ਹੋਏ ਭਗਤ ਜੀ ਆਖਦੇ ਹਨ ਕਿ ਹੇ ਪ੍ਰਭੂ ! ਬੁਢਾਪੇ ਦੇ ਕਾਰਨ ਮੇਰੇ ਸਾਰੇ ਸਿਰ ਵਿੱਚ ਪੀੜ ਰਹਿੰਦੀ ਹੈ ਅਤੇ ਸਰੀਰ ਵਿੱਚ ਜਲਨ ਰਹਿੰਦੀ ਹੈ। ਮੇਰੇ ਕਲੇਜੇ ਵਿੱਚ ਸਖ਼ਤ ਦਰਦ ਉੱਠਦੀ ਹੈ। ਹੁਣ ਤੈਥੋਂ ਬਿਨ੍ਹਾਂ ਉਸ ਦਰਦ ਦਾ ਕੋਈ ਇਲਾਜ ਜਾਂ ਦਵਾਈ ਨਹੀਂ ਹੈ।

ਇਸ ਲਈ ਹੇ ਜੀਵ ! ਹਰੀ ਦਾ ਨਾਮ ਜੋ ਪਵਿੱਤ੍ਰ ਅਤੇ ਅੰਮ੍ਰਿਤ ਰੂਪੀ ਜਲ ਹੈ, ਇਹੀ ਸਾਰੇ ਜਗਤ ਦੇ ਜੀਵਾਂ ਲਈ ਇੱਕ ਦਵਾਈ ਹੈ। ਦਾਸ ਭੀਖਨ ਆਖਦਾ ਹੈ ਕਿ ਮੈਂ ਗੁਰੂ ਦੀ ਕ੍ਰਿਪਾ ਨਾਲ ਇਸ ਨਾਮ ਦੀ ਦਵਾਈ ਦੇ ਨਾਲ ਮੁਕਤੀ ਦਾ ਦਰਵਾਜਾ ਪ੍ਰਾਪਤ ਕਰ ਲਵਾ। ਭਗਤ ਜੀ ਦਾ ਇਹ ਕਹਿਣ ਤੋਂ ਭਾਵ ਇਹ ਨਹੀਂ ਕਿ ਬੁਢਾਪਾ ਨਹੀਂ ਆਵੇਗਾ ਜਾਂ ਬੁਢੇਪੇ ਵਿੱਚ ਆਉਣ ਵਾਲੀਆਂ ਬੀਮਾਰੀਆਂ ਦੀਆਂ ਨਿਸ਼ਾਨੀਆਂ ਤੋਂ ਮੁਕਤੀ ਮਿਲ ਜਾਵੇਗੀ। ਇੱਥੇ ਭਗਤ ਜੀ ਇਹ ਦੱਸਣਾ ਚਾਹੁੰਦੇ ਹਨ ਕਿ ਬੁਢੇਪਾ ਤਾਂ ਸਭ ਤੇ ਆਉਣਾ ਹੈ ਪਰ ਜੇਕਰ ਜੀਵ ਨਾਮ ਸਿਮਰਨ ਨਾਲ ਜੁੱੜਿਆ ਰਹੇ ਤਾਂ ਮਨੁੱਖ ਦੇ ਉੱਤੇ ਬੁਢੇਪੇ ਦੇ ਇਹ ਰੋਗ ਆਪਣਾ ਮਾਨਸਿਕ ਪ੍ਰਭਾਵ ਨਹੀ ਪਾ ਸਕਣਗੇ। ਗੁਰੂ ਵਾਕ ਹੈ :

**ਗੁਰਮੁਖਿ ਬੁਢੇ ਕਦੇ ਨਾਹੀ ਜਿਨ੍ਹਾ ਅੰਤਰਿ ਸੁਰਤਿ ਗਿਆਨੁ ॥** (ਅੰਗ-੧੪੧੮)

ਇਸ ਸ਼ਬਦ ਦਾ ਬਾਬਾ ਫਰੀਦ ਜੀ ਦੀ ਬਾਣੀ ਨਾਲ ਤੁਲਨਾਤਮਿਕ ਅਧਿਐਨ ਕਰਨ ਤੋਂ ਪਹਿਲਾਂ ਇਹ ਵੇਖਣਾ ਜ਼ਰੂਰੀ ਹੈ ਕਿ ਭਗਤ ਭੀਖਨ ਜੀ ਨੇ ਇਸ ਸ਼ਬਦ ਵਿੱਚ ਜਿਹੜੇ ਨੁਕਤੇ ਉਠਾਏ ਹਨ, ਉਨ੍ਹਾਂ ਨੂੰ ਦ੍ਰਿਸ਼ਟੀ ਗੋਚਰ ਕਰ ਲਿਆ ਜਾਵੇ :

(੧) ਬੁਢੇਪਾ, (੨) ਅੱਖਾਂ ਦੀ ਜੋਤ ਘਟਣੀ, (੩) ਤਨ ਖੀਣ ਹੋਣਾ,

(੪) ਗਲੇ 'ਚ ਅਵਾਜ ਨ ਨਿਕਲਣੀ, (੫) ਕੇਸਾਂ ਦਾ ਚਿੱਟੇ ਹੋਣਾ,

(੬) ਕਲੇਜੇ ਵਿੱਚ ਦਰਦ, (੭) ਸਰੀਰ ਵਿੱਚ ਜਲਨ।

ਸ਼ੇਖ ਫਰੀਦ ਜੀ ਵੀ ਜੀਵ ਨੂੰ ਆ ਰਹੇ ਬੁਢਾਪੇ ਬਾਰੇ ਸੰਕੇਤ ਦੇ ਕੇ ਸਮਝਾ ਰਹੇ ਹਨ :

**ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ ॥**
**ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ ॥੯॥** (ਅੰਗ-੧੩੭੮)

ਦੇਖ ਭਾਈ ! ਹੁਣ ਤੇਰੀ ਦਾੜ੍ਹੀ ਕਾਲੀ ਦੀ ਥਾਂ ਭੂਰੀ ਹੋ ਗਈ ਹੈ ਅਤੇ ਤੇਰਾ ਪਿਛਲਾ ਜੁਆਨੀ ਦਾ ਸਮਾਂ ਦੂਰ ਰਹਿ ਗਿਆ ਜਾਂ ਬੀਤ ਗਿਆ ਹੈ ਅੱਗੇ ਬੁਢੇਪਾ ਆਇਆ ਖੜਾ ਹੈ।

ਇਥੇ ਬਾਬਾ ਜੀ ਇਸ ਸਲੋਕ ਰਾਹੀਂ ਬੁਢੇਪੇ ਅਤੇ ਕੇਸਾਂ ਦੇ ਚਿੱਟੇ ਹੋਣ ਦਾ ਸਪਸ਼ਟ ਹਵਾਲਾ ਦੇ ਰਹੇ ਹਨ :

**ਫਰੀਦਾ ਅਖੀ ਦੇਖਿ ਪਤੀਣੀਆਂ ਸੁਣਿ ਸੁਣਿ ਰੀਣੇ ਕੰਨ ॥**
**ਸਾਖ ਪਕੰਦੀ ਆਈਆ ਹੋਰ ਕਰੇਂਦੀ ਵੰਨ ॥੧੧॥** (ਅੰਗ-੧੩੭੮)

ਹੇ ਫਰੀਦ ! ਅੱਖਾਂ ਜਗਤ ਦੇ ਰੰਗ ਤਮਾਸ਼ੇ ਵੇਖ ਕੇ ਕਮਜ਼ੋਰ ਹੋ ਗਈਆਂ ਹਨ। ਜਗਤ ਦੇ ਰੰਗ ਤਮਾਸ਼ੇ ਤਾਂ ਉਸੇ ਤਰ੍ਹਾਂ ਮੌਜੂਦ ਹਨ ਪਰ ਅੱਖਾਂ ਵਿੱਚ ਹੁਣ ਇਨ੍ਹਾਂ ਰੰਗ ਤਮਾਸ਼ਿਆਂ ਨੂੰ ਵੇਖਣ ਦੀ ਸਤਿਆ ਨਹੀਂ ਰਹੀ, ਕੰਨ ਦੁਨੀਆਂ ਦੇ ਰਾਗ ਰੰਗ ਸੁਣ ਸੁਣ ਕੇ ਹੁਣ ਬੋਲੇ ਹੋ ਗਏ ਹਨ, ਇਨ੍ਹਾਂ ਦੀ ਸੁਣਨ ਸ਼ਕਤੀ ਘੱਟ ਗਈ ਹੈ। ਨਿਰਾ ਅੱਖਾਂ ਤੇ ਕੰਨ ਹੀ ਨਹੀਂ, ਸਗੋਂ ਸਾਰਾ ਸਰੀਰ ਹੀ ਬਿਰਧ ਹੋ ਗਿਆ ਹੈ, ਇਸ ਨੇ ਹੋਰ ਹੀ ਰੰਗ ਵਟਾ ਲਿਆ ਹੈ। ਇਹ ਹੁਣ ਭੋਗਾਂ ਦੇ ਭੋਗਣ ਜੋਗਾ ਨਹੀਂ ਰਹਿ ਗਿਆ ਅਤੇ ਇਸ ਹਉਕੇ ਦਾ ਕੋਈ ਇਲਾਜ ਨਹੀਂ ਹੈ।

**ਫਰੀਦਾ ਜਿਨ੍ ਲੋਇਣ ਜਗੁ ਮੋਹਿਆ ਸੇ ਲੋਇਣ ਮੈ ਡਿਠੁ ॥**
**ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ ॥੧੪॥** (ਅੰਗ-੧੩੭੮)

ਹੇ ਫਰੀਦ ! ਇਹ ਦਿਸਦੀ ਗੁਲਜਾਰ ਹੈ ਪਰ ਅਸਲ ਵਿੱਚ ਗੁੱਝੀ ਭਾਹਿ ਵਿੱਚ ਮਸਤ ਜੀਵ ਨੂੰ ਕੁੱਝ ਸੁਝਦਾ-ਬੁਝਦਾ ਨਹੀਂ। ਉਹ ਇਸ ਉੱਤੇ ਮਾਣ ਕਰਦਾ ਹੈ ਪਰ ਮਾਣ ਕਾਹਦਾ ? ਜਿਹੜੀਆਂ ਸੋਹਣੀਆਂ ਅੱਖਾਂ ਮੈਂ ਵੀ ਵੇਖੀਆਂ, ਪਹਿਲਾਂ ਤਾਂ ਇਤਨੀਆਂ ਨਾਜੁਕ ਸਨ ਕਿ ਕੱਜਲ ਦੀ ਧਾਰ ਨਹੀਂ ਸਹਾਰ ਸਕਦੀਆਂ ਸਨ, ਫਿਰ ਉਹ ਪੰਛੀਆਂ ਦੇ ਬੱਚਿਆਂ ਦਾ ਆਲ੍ਹਣਾਂ ਬਣੀਆਂ ਅਰਥਾਤ ਸਾਡੇ ਸਾਹਮਣੇ ਉਸ ਦੀ ਸਰੀਰਕ ਸੁੰਦਰਤਾ ਨਾਸ ਹੋ ਜਾਂਦੀ ਹੈ, ਇਸ ਲਈ ਇਸ ਤੇ ਮਾਣ ਕੂੜਾ ਹੈ।

ਫਰੀਦ ਜੀ ਅਗਲੇ ਸਲੋਕ ਵਿੱਚ ਆਪਣੀਆਂ ਲੱਤਾਂ ਦੀ ਕਮਜੋਰੀ ਤੋਂ ਬੇਵਸ ਹੋਏ ਫੁਰਮਾਂਦੇ ਹਨ:

**ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮ੍ਹਿ ॥**
**ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ ॥੨੦॥** (ਅੰਗ-੧੩੭੮)

ਹੇ ਫਰੀਦ, ਇਨ੍ਹਾਂ ਨਿਕੀਆਂ ਨਿਕੀਆਂ ਲੱਤਾਂ ਨਾਲ ਜਵਾਨੀ ਵੇਲੇ ਮੈਂ ਥਲ ਤੇ ਪਹਾੜ ਗਾਹ ਆਉਂਦਾ ਰਿਹਾ ਹਾਂ ਪਰ ਅੱਜ ਬੁਢਾਪੇ ਵਿੱਚ ਹਾਲਤ ਇਹ ਹੋ ਗਈ ਹੈ ਕਿ ਮੈਨੂੰ ਫਰੀਦ ਨੂੰ ਇਹ ਰਤਾ ਪਰੇ ਪਿਆ ਪਾਣੀ ਦਾ ਘੜਾ (ਲੋਟਾ) ਸੈ ਕੋਹਾਂ ਤੇ ਹੋ ਗਿਆ ਹੈ। ਫਰੀਦ ਜੀ ਇਸ਼ਾਰਾ ਕਰਦੇ ਹਨ ਕਿ ਜਵਾਨੀ ਦੇ ਵੇਲੇ ਜਦੋਂ ਸਰੀਰ ਪੂਰੀ ਤਾਕਤ ਨਾਲ ਕੰਮ ਕਰਦਾ ਸੀ, ਉਸ ਵੇਲੇ ਬੰਦਗੀ ਹੋ ਸਕਦੀ ਸੀ ਪਰ ਅੱਜ ਹੁਣ ਜਦੋਂ ਲੱਤਾਂ ਜੁਆਬ ਦੇ ਗਈਆਂ ਹਨ ਤਾਂ ਮਸੀਤ ਵਿੱਚ ਕਿਵੇਂ ਜਾ ਕੇ ਨਮਾਜ ਅਦਾ ਕਰ ਸਕਦਾ ਹਾਂ।

ਹੁਣ ਇਸ ਬੁਢਾਪੇ ਵਿੱਚ ਭਾਂਵੇ ਸੌ ਵਰ੍ਹੇ ਜੀਉਂਦਾ ਰਹਾਂ ਇਸ ਦਾ ਕੋਈ ਲਾਭ ਨਹੀਂ ਕਿਉਂਕਿ ਅੰਤ ਤਾਂ ਇਸ ਤਨ ਨੇ ਮਿੱਟੀ ਵਿੱਚ ਹੀ ਮਿਲ ਜਾਣਾ ਹੈ :

**ਬੁਢਾ ਹੋਆ ਸੇਖ ਫਰੀਦੁ ਕੰਬਣਿ ਲਗੀ ਦੇਹ ॥**
**ਜੇ ਸਉ ਵਰ੍ਹਿਆ ਜੀਵਣਾ ਭੀ ਤਨੁ ਹੋਸੀ ਖੇਹ ॥੪੧॥** (ਅੰਗ-੧੩੮੦)

ਸ਼ੇਖ ਫਰੀਦ ਹੁਣ ਬੁੱਢਾ ਹੋ ਗਿਆ ਹੈ ਅਤੇ ਉਸ ਦਾ ਸਰੀਰ ਕੰਬਣ ਲੱਗ ਪਿਆ ਹੈ। ਭਾਂਵੇ ਮੈਨੂੰ ਸੌ ਵਰ੍ਹੇ ਵੀ ਜੀਉਣਾ ਮਿਲ ਜਾਵੇ ਤਾਂ ਵੀ ਅੰਤ ਨੂੰ ਇਸ ਸਰੀਰ ਨੇ ਮਿੱਟੀ ਹੀ ਹੋ ਜਾਣਾ ਹੈ।

ਇਥੇ ਵੀ ਫਰੀਦ ਜੀ ਰੱਬ ਦੀ ਬੰਦਗੀ ਤੋਂ ਬਿਨ੍ਹਾਂ ਸੌ ਵਰ੍ਹਿਆਂ ਦੇ ਜੀਵਨ ਨੂੰ ਤੁੱਛ ਜਾਣਦੇ ਹਨ :

**ਫਰੀਦਾ ਸਿਰੁ ਪਲਿਆ ਦਾੜੀ ਪਲੀ ਮੁਛਾਂ ਭੀ ਪਲੀਆਂ ॥**
**ਰੇ ਮਨ ਗਹਿਲੇ ਬਾਵਲੇ ਮਾਣਹਿ ਕਿਆ ਰਲੀਆਂ ॥੫੫॥** (ਅੰਗ-੧੩੮੦)

ਭਗਤ ਭੀਖਣ ਜੀ ਜਿਥੇ ਸਿਰ ਦੇ ਵਾਲਾਂ ਦੇ ਦੁੱਧ ਵਰਗੇ ਹੋਣ ਦਾ ਹਵਾਲਾ ਦਿੰਦੇ ਹਨ, ਉਸੇ ਤਰ੍ਹਾਂ ਫਰੀਦ ਜੀ ਵੀ ਆਖ ਰਹੇ ਹਨ ਕਿ ਫਰੀਦ ਹੁਣ ਤੇਰਾ ਸਿਰ ਚਿੱਟਾ ਹੋ ਗਿਆ ਹੈ, ਦਾੜ੍ਹੀ ਵੀ ਚਿੱਟੀ ਹੋ ਗਈ ਹੈ, ਮੁੱਛਾਂ ਵੀ ਕਾਲੀਆਂ ਤੋਂ ਚਿੱਟੀਆਂ ਹੋ ਗਈਆਂ ਹਨ, ਬੱਸ ਸਮਝ ਲੈ ਕਿ ਇਹ ਹੁਣ ਬੁਢਾਪੇ ਦੇ ਚਿੰਨ ਆ ਪ੍ਰਗਟ ਹੋ ਗਏ ਹਨ ਪਰ ਹੇ ਮੇਰੇ ਕਮਲੇ ਤੇ ਗਾਫਲ ਮਨ, ਤੂੰ ਅਜੇ ਵੀ ਦੁਨੀਆਂ ਦੇ ਰੰਗ ਤਮਾਸ਼ਿਆਂ ਦੀਆਂ ਮੌਜਾਂ ਮਾਨਣ ਵਿੱਚ ਲੱਗਾ ਹੋਇਆ ਹੈ :

**ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ ॥**
**ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ ॥੭੭॥** (ਅੰਗ-੧੩੮੧)

ਫਰੀਦ ਤੇਰੇ ਉਹ ਦੰਦ, ਲੱਤਾਂ, ਅੱਖਾਂ ਤੇ ਕੰਨ ਜਿਨ੍ਹਾਂ ਤੇ ਤੈਨੂੰ ਦੁਨੀਆਂ ਦੇ ਸੁਆਦਾਂ ਨੂੰ ਮਾਣਨ ਦਾ ਮਾਣ ਸੀ, ਹੁਣ ਉਹ ਕੰਮ ਕਰਨੋਂ ਹੀ ਰਹਿ ਗਏ ਹਨ। ਦੰਦਾਂ ਤੋਂ ਬਿਨ੍ਹਾਂ ਖਾਣਾ ਨਹੀਂ ਖਾਧਾ ਜਾਂਦਾ, ਲੱਤਾਂ ਦੀ ਕਮਜੋਰੀ ਕਰਕੇ ਚਲਣੋਂ ਰਹਿ ਗਈਆਂ, ਕੰਨਾਂ ਰਾਹੀਂ ਸੁਣਨ ਦੀ ਸ਼ਕਤੀ ਘੱਟ ਗਈ। ਸਰੀਰ ਦੇ ਇਨ੍ਹਾਂ ਅੰਗਾਂ ਦੀ ਇਹ ਹਾਲਤ ਵੇਖ ਕੇ ਸਰੀਰ ਨੇ ਢਾਹ ਮਾਰੀ ਅਰਥਾਤ ਇਹ ਆਪਣਾ ਹੀ ਸਰੀਰ ਹੁਣ ਦੁੱਖੀ ਹੋ ਰਿਹਾ ਹੈ ਕਿ ਮੇਰੇ ਉਹ (ਉੱਪਰ ਵਰਨਣ ਕੀਤੇ) ਮਿੱਤਰ ਤੁਰ ਗਏ ਹਨ ਅਰਥਾਤ ਕੰਮ ਕਰਨੋਂ ਰਹਿ ਗਏ ਹਨ ਜਿਨ੍ਹਾਂ ਤੇ ਮੈਨੂੰ ਬੜਾ ਮਾਣ ਸੀ।

ਹੁਣ ਤਾਂ ਹਾਲਤ ਇਹ ਹੈ ਕਿ ਕਿਸੇ ਵੇਲੇ ਮੌਤ ਦਾ ਸੱਦਾ ਆਵੇਗਾ ਤੇ ਇਨ੍ਹਾਂ ਮਿਤਰਾਂ ਦੇ ਵੇਖਦਿਆਂ ਵੇਖਦਿਆਂ ਲੈ ਜਾਵੇਗਾ :

**ਫਰੀਦਾ ਦੁਹੁ ਦੀਵੀ ਬਲੰਦਿਆ ਮਲਕੁ ਬਹਿਠਾ ਆਇ ॥**
**ਗੜੁ ਲੀਤਾ ਘਟੁ ਲੁਟਿਆ ਦੀਵੜੇ ਗਇਆ ਬੁਝਾਇ ॥੪੮॥** (ਅੰਗ-੧੩੮੦)

ਹੇ ਫਰੀਦ! ਇਨ੍ਹਾਂ ਦੋਵਾਂ ਅੱਖਾਂ ਦੇ ਸਾਹਮਣੇ ਇਨ੍ਹਾਂ ਦੋਹਾਂ ਦੀਵਿਆਂ ਦੇ ਜਗਦੇ ਹੁੰਦਿਆਂ ਹੀ ਮੌਤ ਦਾ ਫਰਿਸ਼ਤਾ ਸਮਝ ਲੈ ਜਿਸ ਵੀ ਬੰਦੇ ਪਾਸ ਆ ਬੈਠਾ, ਉਸ ਨੇ ਉਸ ਸਰੀਰ ਰੂਪ ਕਿਲ੍ਹੇ ਉੱਤੇ ਕਬਜਾ ਕਰ ਲਿਆ, ਅੰਤਹਕਰਣ ਲੁੱਟ ਲਿਆ ਭਾਵ ਜਿੰਦ ਉੱਤੇ ਕਾਬੂ ਪਾ ਲਿਆ ਤੇ ਇਨ੍ਹਾਂ ਅੱਖਾਂ ਦੇ ਦੀਵੇ ਬੁਝਾ ਗਿਆ।

**ਫਰੀਦਾ ਭੰਨੀ ਘੜੀ ਸਵੰਨਵੀ ਟੁਟੀ ਨਾਗਰ ਲਜੁ ॥**
**ਅਜਰਾਈਲੁ ਫਰੇਸਤਾ ਕੈ ਘਰਿ ਨਾਠੀ ਅਜੁ ॥੬੮॥** (ਅੰਗ-੧੩੮੧)

ਜਦੋਂ ਮੌਤ ਦਾ ਫਰਿਸ਼ਤਾ ਜਿਸ ਘਰ ਵਿੱਚ ਆ ਡੇਰਾ ਲਾਉਂਦਾ ਹੈ ਤਾਂ ਫਿਰ ਸਮਝੋ ਉਸ ਬੰਦੇ ਦੀ ਸੁਆਸਾਂ ਰੂਪੀ ਲੱਜ ਟੁੱਟ ਜਾਂਦੀ ਹੈ ਤੇ ਉਹ ਉਸ ਦੀ ਸੁੰਦਰ ਦੇਹ ਰੂਪੀ ਘੜੀ ਨੂੰ ਤੋੜ ਕੇ ਜਿੰਦ ਕੱਢ ਲਿਜਾਂਦਾ ਹੈ, ਜੀਵ ਕਿਤੇ ਭੱਜ ਨਹੀਂ ਸਕਦਾ। ਮੌਤ ਤੋਂ ਫਿਰ ਕੋਈ ਬਚਾਅ ਨਹੀਂ ਰਹਿ ਜਾਂਦਾ। ਇਸੇ ਲਈ ਫਰੀਦ ਜੀ ਵੀ ਇੱਕ ਬੇਨਤੀ ਦੇ ਰੂਪ ਵਿੱਚ ਉਚਾਰਦੇ ਹਨ :

**ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ ॥**
**ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ ॥੯੦॥** (ਅੰਗ-੧੩੮੨)

ਹੇ ਫਰੀਦ ! ਹੁਣ ਤਨ ਸੁਕ ਕੇ ਕਮਜੋਰ ਹੋ ਗਿਆ ਹੈ ਅਤੇ ਹੱਡੀਆ ਦਾ ਢਾਂਚਾ ਹੀ ਰਹਿ ਗਿਆ ਹੈ ਪਰ ਅਜੇ ਵੀ ਵਿਕਾਰਾਂ ਰੂਪੀ ਕਾਂਵ ਇਸ ਸਰੀਰ ਨੂੰ ਨੋਚ ਨੋਚ ਕੇ ਖਾ ਰਹੇ ਹਨ। ਇਸ ਹਾਲਤ ਵਿੱਚ ਬੰਦੇ ਦੀ ਅਵਸਥਾ ਤੇ ਕਿਸਮਤ ਅਜਿਹੀ ਬਣ ਗਈ ਹੈ ਕਿ ਪਰਮਾਤਮਾ ਸਹਾਇਤਾ ਲਈ ਨਹੀਂ ਆ ਕੇ ਬਹੁੜਿਆ। ਭਗਤ ਭੀਖਣ ਜੀ ਵੀ ਇਸ ਹਾਲਤ ਵਿੱਚ ਆ ਕੇ ਸੰਸਾਰ ਰੂਪੀ ਬਨ ਦੇ ਮਾਲਕ ਅੱਗੇ ਅਰਜੋਈ ਕਰਦੇ ਹਨ ਕਿ ਹੇ ਪ੍ਰਭੂ ਤੂੰ ਆਪਣੇ ਸੰਤਾਂ ਨੂੰ ਇਨ੍ਹਾਂ ਬੁਢੇਪੇ ਦੇ ਦੁੱਖਾਂ ਤੋਂ ਬਚਾਅ ਲੈ। ਇਸ ਦੁੱਖ ਤੋਂ ਬਚਣ ਲਈ ਭਗਤ ਭੀਖਨ ਜੀ ਫੁਰਮਾਂਦੇ ਹਨ :

**ਹਰਿ ਕਾ ਨਾਮੁ ਅੰਮ੍ਰਿਤ ਜਲੁ ਨਿਰਮਲੁ ਇਹੁ ਅਉਖਧੁ ਜਗਿ ਸਾਰਾ ॥**
**ਗੁਰ ਪਰਸਾਦਿ ਕਹੈ ਜਨੁ ਭੀਖਨੁ ਪਾਵਉ ਮੋਖ ਦੁਆਰਾ ॥੨॥** (ਅੰਗ-੬੫੯)

ਹਰੀ ਦਾ ਨਾਮ ਇੱਕ ਐਸਾ ਨਿਰਮਲ ਜਲ ਹੈ ਜੋ ਕਿ ਸਾਰੇ ਸੰਸਾਰ ਲਈ ਇੱਕ ਦਵਾਈ ਹੈ ਜੋ ਕਿ ਗੁਰੂ ਦੀ ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ ਅਤੇ ਇਸ ਦੇ ਪੀਣ ਨਾਲ ਅਰਥਾਤ ਹਰੀ ਸਿਮਰਨ ਦੀ ਬਰਕਤ ਨਾਲ ਪਰਮੇਸ਼ਰ ਦੀ ਦਰਗਾਹ ਵਿੱਚ ਮੁਕਤੀ ਦਾ ਦਰਵਾਜਾ ਹੈ।

ਇਸੇ ਸੰਬੰਧ ਵਿੱਚ ਸ਼ੇਖ ਫਰੀਦ ਜੀ ਦਾ ਆਸਾ ਰਾਗ ਅੰਦਰ ਇਹ ਸ਼ਬਦ ਅਜਿਹੇ ਭਾਵ ਨੂੰ ਪ੍ਰਗਟਾਉਂਦਾ ਹੈ ਜੋ ਵਿਸ਼ੇਸ਼ ਧਿਆਨ ਮੰਗਦਾ ਹੈ :

**ਆਸਾ ਸੇਖ ਫਰੀਦ ਜੀਉ ਕੀ ਬਾਣੀ ੧ੴ ਸਤਿਗੁਰ ਪ੍ਰਸਾਦਿ ॥ ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ ॥ ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥੧॥ ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ ॥ ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰੁ ਥੀਏ ॥੧॥ ਰਹਾਉ ॥ ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ ॥ ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥੨॥ ਪਰਵਦਗਾਰ ਅਪਾਰ ਅਗਮ ਬੇਅੰਤ ਤੂ ॥ ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ ॥੩॥ ਤੇਰੀ ਪਨਹ ਖੁਦਾਇ ਤੂ ਬਖਸੰਦਗੀ ॥ ਸੇਖ ਫਰੀਦੈ ਖੈਰੁ ਦੀਜੈ ਬੰਦਗੀ ॥੪॥੧॥** (ਅੰਗ-੪੮੮)

ਫਰੀਦ ਜੀ ਫੁਰਮਾਉਂਦੇ ਹਨ ਕਿ ਜਿਨ੍ਹਾਂ ਮਨੁੱਖਾਂ ਦਾ ਰੱਬ ਨਾਲ ਪਿਆਰ ਹੈ, ਉਹੀ ਸੱਚੇ ਆਸ਼ਕ ਹਨ ਪਰ ਜਿਨ੍ਹਾਂ ਦੇ ਮਨ ਵਿੱਚ ਹੋਰ ਹੈ ਅਤੇ ਮੂੰਹੋਂ ਕੁੱਝ ਹੋਰ ਆਖਦੇ ਹਨ, ਉਹ ਕੱਚੇ ਆਸ਼ਕ ਕਹੇ ਜਾਂਦੇ ਹਨ। ਜੋ ਮਨੁੱਖ ਰੱਬ ਦੇ ਪਿਆਰ ਵਿੱਚ ਰੱਤੇ ਹੋਏ ਹਨ ਅਰਥਾਤ ਜੋ ਮਨੁੱਖ ਰੱਬ ਦੇ ਦੀਦਾਰ ਵਿੱਚ ਰੰਗੇ ਹੋਏ ਹਨ, ਉਹੀ ਅਸਲ ਮਨੁੱਖ ਹਨ ਪਰ ਜਿਨ੍ਹਾਂ ਨੂੰ ਰੱਬ ਦਾ ਨਾਮ ਭੁੱਲ ਗਿਆ ਹੈ ਉਹ ਮਨੁੱਖ ਧਰਤੀ ਉੱਤੇ ਨਿਰਾ ਭਾਰ ਹੀ ਹਨ। ਉਹੀ ਮਨੁੱਖ ਰੱਬ ਦੇ ਦਰਵਾਜੇ ਤੇ ਦਰਵੇਸ਼ ਹਨ ਭਾਵ ਉਹੀ ਮਨੁੱਖ ਰੱਬ ਦੇ ਦਰ ਤੋਂ ਇਸ਼ਕ ਦੀ ਖੈਰ ਮੰਗ ਸਕਦੇ ਹਨ, ਜਿਨ੍ਹਾਂ ਨੂੰ ਰੱਬ ਨੇ ਆਪਣੇ ਲੜ ਲਾਇਆ ਹੈ। ਉਨ੍ਹਾਂ ਦੀ ਜੰਮਣ ਵਾਲੀਆਂ ਮਾਂਵਾਂ ਭਾਗਾਂ ਵਾਲੀਆਂ ਹਨ, ਉਨ੍ਹਾਂ ਜੀਵਾਂ ਦਾ ਸੰਸਾਰ ਤੇ ਆਉਣਾ ਮੁਬਾਰਕ ਹੈ।

ਹੇ ਪਾਲਣਹਾਰ ! ਹੇ ਬੇਅੰਤ ! ਹੇ ਅਪਹੁੰਚ ਪਰਮਾਤਮਾ ਜਿਨ੍ਹਾਂ ਨੇ ਇਹ ਸਮਝ ਲਿਆ ਕਿ ਤੂੰ ਸਦਾ ਕਾਇਮ ਰਹਿਣ ਵਾਲਾ ਹੈ, ਮੈ ਉਨ੍ਹਾਂ ਦੇ ਪੈਰ ਚੁੰਮਦਾ ਹਾਂ।

ਹੇ ਖੁਦਾ ! ਮੈਨੂੰ ਫਰੀਦ ਨੂੰ ਤੇਰਾ ਹੀ ਆਸਰਾ ਹੈ, ਤੂੰ ਬਖਸ਼ਣ ਵਾਲਾ ਹੈਂ। ਮੈਨੂੰ ਸ਼ੇਖ ਫਰੀਦ ਨੂੰ ਆਪਣੀ ਬੰਦਗੀ ਦੇ ਖੈਰ ਦੇ।

ਸਾਰ ਇਹ ਹੈ ਕਿ ਜਿਵੇਂ ਭਗਤ ਭੀਖਨ ਜੀ ਨਾਮ ਰੂਪੀ ਅੰਮ੍ਰਿਤ ਜਲ ਦੀ ਜਾਚਨਾ ਕਰਦੇ ਹਨ, ਉਸੇ ਤਰ੍ਹਾਂ ਫਰੀਦ ਜੀ ਬੰਦਗੀ ਦੀ ਦਾਤ ਮੰਗਦੇ ਹਨ ਕਿਉਂਕਿ ਜੀਵ ਦਾ ਬੁਢੇਪੇ ਅਤੇ ਅੰਤ ਤਕ ਇਹੀ ਨਾਮ ਹੀ ਇੱਕ ਸਹਾਰਾ ਬਣਦਾ ਹੈ।

-0-0-0-

# ਪੂਜਾ ਅਕਾਲ ਕੀ

-ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ

ਭਾਈ ਚਉਪਾ ਸਿੰਘ ਜੀ ਜੋ ਮਹਾਰਾਜ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਖਿਡਾਵੇ ਰਹੇ ਹਨ, ਨੇ ਆਪਣੇ ਲਿਖੇ ਰਹਿਤਨਾਮੇ ਵਿਚ ਇਉਂ ਲਿਖਿਆ ਹੈ:-

"ਸਿੱਖੀ ਕੇਸਾਂ ਸਵਾਸਾਂ ਕੀ, ਪਰਚਾ ਸ਼ਬਦ ਕਾ, ਫਲ ਸੰਗਤਿ ਕਾ।
ਬੀਜ ਕਰਮਾਂ ਕਾ, ਬੀਚਾਰ ਗੁਰਮਤਿ ਕਾ, ਕਿਰਤ ਧਰਮ ਕੀ।
ਹਥਿਆਰ ਜਤ ਕਾ, ਵਾਕ ਸਤ ਕਾ, ਭਾਗ ਪੁਰਬ ਕਾ,
ਸੋਭਾ ਸੇਵਾ ਕੀ, ਪੂਜਾ ਅਕਾਲ ਕੀ, ਹੁਕਮ ਗੁਰੂ ਕਾ,
ਆਗਿਆ ਗ੍ਰੰਥ ਕੀ, ਦੀਦਾਰ ਖਾਲਸੇ ਕਾ,
ਜਾਗਣਾ ਹਰਿਜਸ ਕਾ, ਤਿਆਗਣਾ ਵਿਕਾਰਾਂ ਕਾ, ਰਹਿਤ ਰਿਦੇ ਕੀ।"

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸਾਰੇ ਗੁਰੂ ਸਾਹਿਬਾਨ ਨੇ ਮਨੁੱਖਤਾ ਨੂੰ ਇਕ ਵਾਹਿਗੁਰੂ ਦੇ ਸਿਮਰਨ ਵੱਲ ਹੀ ਜੋੜਿਆ ਹੈ। ਇੱਕ ਅਕਾਲ ਪੁਰਖ ਦੇ ਲੜ ਲਾਇਆ ਹੈ। ਬਾਕੀ ਸਭ ਕਰਮ ਕਾਡਾਂ ਨੂੰ ਵਹਿਮ ਭਰਮ ਹੀ ਦੱਸਿਆ ਜਿਨ੍ਹਾਂ ਦਾ ਕੋਈ ਫਲ ਪ੍ਰਾਪਤ ਨਹੀਂ ਹੁੰਦਾ।

**ਤੀਰਥੁ ਤਪੁ ਦਇਆ ਦਤੁ ਦਾਨੁ ॥ ਜੇ ਕੋ ਪਾਵੈ ਤਿਲ ਕਾ ਮਾਨੁ ॥**
**ਸੁਣਿਆ ਮੰਨਿਆ ਮਨਿ ਕੀਤਾ ਭਾਉ ॥ ਅੰਤਰਗਤਿ ਤੀਰਥਿ ਮਲਿ ਨਾਉ ॥**(ਅੰਗ-੪)

**ਅਬੇ ਤਬੇ ਕੀ ਚਾਕਰੀ ਕਿਉ ਦਰਗਹ ਪਾਵੈ ॥**
**ਪਥਰ ਕੀ ਬੇੜੀ ਜੇ ਚੜੈ ਭਰ ਨਾਲਿ ਬੁਡਾਵੈ ॥੪॥** (ਅੰਗ-੪੨੦)

ਇੱਕ ਬੇੜੀ ਜੇ ਪੱਥਰ ਦੀ ਬਣੀ ਹੋਈ ਹੋਵੇ ਉਸ ਉੱਤੇ ਸਵਾਰ ਹੋ ਕੇ ਕੀ ਤੁਸੀਂ ਨਦੀ ਚੋਂ ਪਾਰ ਲੰਘਣ ਦੀ ਆਸ ਰੱਖ ਸਕਦੇ ਹੋ, ਨਹੀਂ ! ਉਹ ਤਾਂ ਡੋਬ ਦੇਵੇਗੀ, ਥੋੜ੍ਹਾ ਵੀ ਸਫਰ ਨਹੀਂ ਕੱਟੇਗੀ। ਇਸੇ ਤਰ੍ਹਾਂ ਹੀ ਵਾਹਿਗੁਰੂ ਜੀ ਦੇ ਨਾਮ ਨੂੰ ਛੱਡ ਕੇ ਹੋਰ ਜੋ ਤੀਰਥ ਇਸ਼ਨਾਨ ਜਾਂ ਪੂਜਾ ਪਾਠ ਹਨ, ਪ੍ਰਮਾਤਮਾਂ ਦੀ ਦਰਗਾਹ ਤੱਕ ਨਹੀਂ ਪਹੁੰਚਾ ਸਕਦੇ। ਪੌਦੇ ਦੀਆਂ ਜੜ੍ਹਾਂ ਹੁੰਦੀਆਂ ਹਨ, ਤਣਾਂ ਹੁੰਦਾ ਹੈ ਪੱਤੇ ਤੇ ਟਹਿਣੀਆਂ ਹੁੰਦੀਆਂ ਹਨ, ਘਰਾਂ ਦੇ ਬਾਗ ਬਗੀਚਿਆਂ ਵਿੱਚ ਵੀ ਫੁੱਲ ਤੇ ਫਲਾਂ ਦੇ ਬੂਟੇ ਲਗਾਏ ਜਾਂਦੇ ਹਨ। ਜੇਕਰ ਉਨ੍ਹਾਂ ਦੀਆਂ ਜੜ੍ਹਾਂ ਵਿੱਚ ਪਾਣੀ ਦੇਣ ਦੀ ਥਾਂ ਤੁਸੀਂ ਕੇਵਲ ਉਨ੍ਹਾਂ ਦੇ ਪੱਤਿਆਂ ਤੇ ਪਾਣੀ ਛਿੜਕਦੇ ਰਹੋ, ਤਾਂ ਕੀ ਉਹ ਹਰੇ ਰਹਿ ਸਕਣਗੇ ? ਂਹੀਂ, ਬਿਲਕੁਲ ਨਹੀਂ। ਮੂਲ ਨੂੰ ਛੱਡ ਕੇ ਡਾਲੀ ਅਤੇ ਪੱਤਿਆਂ ਦੀ ਹੀ ਪ੍ਰਵਰਿਸ਼ ਕਰੀਏ ਉਸ ਰੁੱਖ ਤੋਂ ਫਲ ਫੁੱਲ ਪ੍ਰਾਪਤ ਨਹੀਂ ਹੋ ਸਕਦੇ ਕਿਉਂਕਿ ਉਹ ਕੁਝ ਸਮਾਂ

ਪਾ ਕੇ ਸੁੱਕ ਕੇ ਧਰਤੀ ਤੇ ਡਿੱਗ ਕੇ ਰਾਖ ਵਿਚ ਮਿਲ ਜਾਣਗੇ। ਇਸ ਤਰ੍ਹਾਂ ਮੂਲ (ਜੜ) ਅਕਾਲ ਪੁਰਖ ਤੋਂ ਬਿਨਾਂ ਹੋਰ, ਉਸ ਏਕ ਤੋਂ ਉਪਜੀਆਂ ਅਨੇਕ ਸ਼ਕਤੀ ਰੂਪੀ ਟਹਿਣੀਆਂ ਦੀ ਸੇਵਾ ਕਰਨ ਨਾਲ ਕੁਝ ਪੱਲੇ ਨਹੀਂ ਪੈਂਦਾ :-

**ਜਿਨ੍ਹੀ ਨਾਮੁ ਵਿਸਾਰਿਆ ਦੂਜੈ ਭਰਮਿ ਭੁਲਾਈ ॥**
**ਮੂਲੁ ਛੋਡਿ ਡਾਲੀ ਲਗੇ ਕਿਆ ਪਾਵਹਿ ਛਾਈ ॥੧॥** (ਅੰਗ-੪੨੦)

ਆਮ ਤੌਰ ਤੇ ਅਸੀਂ ਇੱਕ ਵਾਹਿਗੁਰੂ ਦੀ ਪੂਜਾ ਛੱਡ ਕੇ ਭੂਤਾਂ-ਪ੍ਰੇਤਾਂ, ਸੀਤਲਾ ਮਾਤਾ ਆਦਿ ਹੋਰ ਕਈ ਕਿਸਮ ਦੀ ਪੂਜਾ ਵਿਚ ਲੱਗੇ ਰਹਿੰਦੇ ਹਾਂ। ਪੂਜਾ ਕਰਕੇ ਦੇਵ ਸ਼ਕਤੀਆਂ ਨੂੰ ਵੱਸ ਵਿਚ ਕਰਨ ਦੀ ਕੋਸ਼ਿਸ਼ ਕਰਦੇ ਹਾਂ ਅਤੇ ਆਪਣੀਆਂ ਇੱਛਾਵਾਂ ਪੂਰੀਆਂ ਕਰਨ ਦੀ ਲਾਲਸਾ ਰਖਦੇ ਹਾਂ। ਭਗਤ ਨਾਮ ਦੇਵ ਜੀ ਇਨ੍ਹਾਂ ਵੱਖ ਵੱਖ ਤਰ੍ਹਾਂ ਦੀ ਪੂਜਾ ਦਾ ਫਲ ਦੇਖੋ ਹੇਠਲੇ ਸ਼ਬਦ ਵਿਚ ਕੀ ਦੱਸਦੇ ਹਨ :-

**ਭੈਰਉ ਭੂਤ ਸੀਤਲਾ ਧਾਵੈ ॥ ਖਰ ਬਾਹਨੁ ਉਹੁ ਛਾਰੁ ਉਡਾਵੈ ॥੧॥ ਹਉ ਤਉ ਏਕੁ ਰਮਈਆ ਲੈਹਉ ॥ ਆਨ ਦੇਵ ਬਦਲਾਵਨਿ ਦੈਹਉ ॥੧॥ ਰਹਾਉ ॥ ਸਿਵ ਸਿਵ ਕਰਤੇ ਜੋ ਨਰੁ ਧਿਆਵੈ ॥ ਬਰਦ ਚਢੇ ਡਉਰੂ ਢਮਕਾਵੈ ॥੨॥ ਮਹਾ ਮਾਈ ਕੀ ਪੂਜਾ ਕਰੈ ॥ ਨਰ ਸੈ ਨਾਰਿ ਹੋਇ ਅਉਤਰੈ ॥੩॥ ਤੂ ਕਹੀਅਤ ਹੀ ਆਦਿ ਭਵਾਨੀ ॥ ਮੁਕਤਿ ਕੀ ਬਰੀਆ ਕਹਾ ਛਪਾਨੀ ॥੪॥ ਗੁਰਮਤਿ ਰਾਮ ਨਾਮ ਗਹੁ ਮੀਤਾ ॥ ਪ੍ਰਣਵੈ ਨਾਮਾ ਇਉ ਕਹੈ ਗੀਤਾ ॥੫॥** (ਅੰਗ-੮੭੪)

ਨਾਮ ਦੇਵ ਜੀ ਆਖਦੇ ਹਨ ਕਿ ਭਾਈ ਅਸੀਂ ਤਾਂ ਕੇਵਲ ਇੱਕੋ ਹੀ ਵਾਹਿਗੁਰੂ ਨੂੰ ਸਿਮਰਦੇ ਹਾਂ। ਭਗਤ ਜੀ ਜੋਰਦਾਰ ਚੇਤਾਵਨੀ ਦਿੰਦੇ ਹਨ, ਕਹਿੰਦੇ ਹਨ ਭਾਈ ਸੰਭਲੋ ! ਕਿਤੇ ਸ਼ਿਵ ਦੀ ਪੂਜਾ ਕਰਨ ਨਾਲ ਤੁਹਾਨੂੰ ਬਲਦ ਦੀ ਸਵਾਰੀ, ਅਤੇ ਡੌਰੂ ਨਾ ਖੜਕਾਉਣੇ ਮਿਲਣ। ਮਹਾਂ ਮਾਈ ਦੀ ਪੂਜਾ ਕਰਨ ਕਰਕੇ ਤੁਸੀਂ ਨਰ ਤੋਂ ਇਸਤ੍ਰੀ ਬਣ ਸਕਦੇ ਹੋ ਕਿਉਂਕਿ ਜਿਸ ਚੀਜ਼ ਦਾ ਸਿਮਰਨ ਕੋਈ ਮਨੁੱਖ ਕਰਦਾ ਹੈ, ਉਹ ਉਸੇ ਦਾ ਰੂਪ ਧਾਰਦਾ ਹੈ। ਭਗਤ ਜੀ ਕਹਿੰਦੇ ਹਨ ਕਿ ਗੀਤਾ ਵੀ ਇਹੋ ਹੀ ਉਪਦੇਸ਼ ਦਿੰਦੀ ਹੈ ਕਿ ਐ ਮਨੁੱਖ ਗੁਰੂ ਦੀ ਮੱਦਦ ਲੈ ਕੇ ਤੂੰ ਸਾਰੇ ਬ੍ਰਹਮੰਡ ਵਿਚ ਪਸਰੇ ਹੋਏ ਰਾਮ ਦਾ ਸਿਮਰਨ ਕਰ।

ਨਾਮ ਦੇਵ ਜੀ ਹੋਰ ਆਖਦੇ ਹਨ ਹਿੰਦੂ ਵੀਰ ਤਾਂ ਦੇਹੁਰਾ-ਮੱਠ ਆਦਿ ਦੀ ਪੂਜਾ ਕਰਦੇ ਹਨ। ਮੁਸਲਮਾਨ ਮਸੀਤ ਦੀ ਕਰਦੇ ਹਨ ਪਰ ਨਾਮਾ ਤਾਂ ਉਸ ਦੀ ਪੂਜਾ ਕਰਦਾ ਹੈ ਜੋ ਨਾ ਕੇਵਲ ਮਸੀਤ ਵਿਚ ਹੈ ਤੇ ਨਾ ਕੇਵਲ ਮੰਦਰ ਵਿਚ ਹੈ, ਉਹ ਤਾਂ ਪੂਜਣ ਵਾਲੀ ਜੋ ਸਤਿ ਵਸਤੂ ਹੈ ਹਰ ਥਾਂ ਤੇ ਹਰ ਸਮੇਂ ਹਾਜ਼ਰ ਹੈ। ਘਟ ਘਟ ਦਾ ਵਾਸੀ ਹੈ :-

**ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ ॥**
**ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ॥੪॥** (ਅੰਗ-੮੭੫)

ਨਾਮ ਦੇਵ ਜੀ ਕਮਾਲ ਕਰਦੇ ਹਨ, ਹੋਰ ਅੱਗੇ ਫੁਰਮਾਉਂਦੇ ਹਨ ਕਿ ਲੱਖਾਂ ਹੀ, ਅਸੰਖਾਂ ਹੀ, ਵਾਹਿਗੁਰੂ ਤੋਂ ਸਿਵਾਏ ਕਿਸੇ ਹੋਰ ਦੀ ਪੂਜਾ ਕਰੀਏ, ਪਰ ਹਰੀ ਦੀ ਪੂਜਾ ਦੇ ਤੁਲ ਨਹੀਂ ਹੋ ਸਕਦੀਆਂ :-

**ਅਸੰਖ ਕੋਟਿ ਅਨ ਪੂਜਾ ਕਰੀ ॥ ਏਕ ਨ ਪੂਜਸਿ ਨਾਮੈ ਹਰੀ ॥੩॥** (ਅੰਗ-੧੧੬੩)

ਭਾਈ ਗੁਰਦਾਸ ਜੀ ਕਲਿਜੁਗ ਅੰਦਰ ਕੇਵਲ ਅਕਾਲ ਪੁਰਖ ਦੇ ਨਾਮ ਨੂੰ ਆਧਾਰ ਹੀ ਮੰਨਦੇ ਹਨ ਆਪ ਫੁਰਮਾਉਂਦੇ ਹਨ:-

**ਕਲਿਜੁਗ ਕੀ ਸੁਣ ਸਾਧਨਾ ਕਰਮ ਕਿਰਤ ਕੀ ਚਲੈ ਨ ਕਾਈ ।**
**ਬਿਨਾਂ ਭਜਨ ਭਗਵਾਨ ਕੇ ਭਾਉ ਭਗਤ ਬਿਨ ਠੌਰ ਨ ਥਾਈ ।** (ਵਾਰ ੧, ਪਉੜੀ ੧੬)

ਕਲਿਜੁਗ ਦੀ ਸਾਧਨਾ ਇਹੋ ਹੈ ਕਿ ਵਾਹਿਗੁਰੂ ਦੇ ਨਾਉਂ ਨਾਲ ਪਿਆਰ ਪਾ ਕੇ ਪ੍ਰੇਮਾ ਭਗਤੀ ਕੀਤੀ ਜਾਵੇ। ਕਲਿਜੁਗ ਦਾ ਸਮਾਂ ਐਸਾ ਹੈ ਕਿ ਇਸ ਸਮੇਂ ਵਿਚ ਨਾਮ ਤੋਂ ਬਿਨਾਂ ਹੋਰ ਕੁਝ ਫਲਦਾ ਫੁਲਦਾ ਨਹੀਂ। ਦੂਜੇ ਕਰਮ ਕਾਂਡ, ਰਸਮੀ ਰੀਤਾਂ ਰਿਵਾਜਾਂ ਦੇ ਕਰਨ ਵਾਲਾ ਮੁਕਤ ਨਹੀਂ ਹੋ ਸਕਦਾ, ਉਹ ਮੌਤ ਤੋਂ ਨਹੀਂ ਬਚ ਸਕਦਾ। ਗੁਰਮਤਿ ਤਾਂ ਜਗਿਆਸੂ ਨੂੰ ਮੌਤ ਤੋਂ ਛੁਟਕਾਰਾ ਦਿਵਾਉਂਦੀ ਹੈ। ਗੁਰਮਤਿ ਇਨਸਾਨ ਨੂੰ ਐਸੀ ਅਵਸਥਾ ਵਿਚ ਲੈ ਜਾਂਦੀ ਹੈ ਜਿੱਥੇ ਨਾ ਜਨਮ ਹੈ ਤੇ ਨਾ ਮਰਨ ਹੈ। ਕਰੋੜਾਂ ਤੀਰਥਾਂ ਤੇ ਇਸ਼ਨਾਨ, ਮੈਲ ਲਾਹੁਣ ਦੀ ਥਾਂ ਹੋਰ ਮੈਲ ਚਾੜ੍ਹਦੇ ਹਨ। ਬੇਦ ਸ਼ਾਸਤ੍ਰ ਤੇ ਧਾਰਮਿਕ ਪੁਸਤਕਾਂ ਨੂੰ ਪੜ੍ਹਨ ਨਾਲ ਖਲਾਸੀ ਨਹੀਂ ਹੁੰਦੀ, ਕਲਿਜੁਗ ਵਿਚ :-

**ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ ॥** (ਅੰਗ-੭੪੭)

ਉਸ ਦਾ ਪਾਰ ਉਤਾਰਾ ਹੁੰਦਾ ਹੈ, ਜੋ ਗੁਰੂ ਦੀ ਸਿੱਖਿਆ ਰਾਹੀਂ ਇਕ ਅੱਖਰ, ਗੁਰ-ਮੰਤ੍ਰ ਨੂੰ ਆਪਣੇ ਹਿਰਦੇ 'ਚ ਵਸਾ ਕੇ ਜਾਪ ਕਰਦਾ ਹੈ ।

ਕਲਿਜੁਗ ਦਾ ਸਮਾਂ ਐਸੀ ਸੁਹਾਵਣੀ ਮੌਸਮ ਹੈ ਮਾਨੋ ਬਸੰਤ ਦੀ ਰੁੱਤ ਹੈ। ਨਾਮ ਰੂਪੀ ਫੁੱਲ ਖਿੜੇ ਹਨ। ਨਾਮ ਦੀ ਹੀ ਖੁਸ਼ਬੂ ਸਭ ਪਾਸੇ ਖਿਲਰੀ ਹੈ। ਕਿਉਂਕਿ ਇਸ ਸਮੇਂ ਵਿਚ ਕਿਸੇ ਤਰ੍ਹਾਂ ਦੇ ਕਰਮ ਕਾਡਾਂ ਦੇ ਕੰਡਿਆਂ ਤੇ ਨਹੀਂ ਤੁਰਨਾ ਪੈਂਦਾ। ਕਿਸੇ ਵਹਿਮ ਭਰਮ ਦੇ ਚਿੱਕੜਾਂ ਵਿਚ ਨਹੀਂ ਧਸਣਾ ਪੈਂਦਾ। ਸਿੱਧਾ ਸਾਦਾ ਵਾਹਿਗੁਰੂ ਦਾ ਨਾਮ ਜਪਣ ਦੀ ਲੋੜ ਹੈ ਅਤੇ ਇਹ ਨਾਮ ਹੀ ਇਨਸਾਨ ਨੂੰ ਸਦਾ ਬਸੰਤ ਰੁੱਤ ਵਾਲੇ ਖੇੜੇ ਵਿਚ ਰੱਖਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਬਸੰਤ ਰਾਗ ਵਿਚ ਸਾਨੂੰ ਚੌਕੰਨਾ ਕਰਦੇ ਹਨ ਕਿ ਕਲਜੁਗ ਦਾ ਸਮਾਂ ਇੱਕ ਅਜੇਹੀ ਰੁੱਤ ਹੈ, ਜਿਸ ਵਿਚ ਨਾਮ ਬੀਜਣ ਲਈ, ਵੱਤ ਆਈ ਹੋਈ ਹੈ। ਨਾਮ ਬੀਜਣ ਦੀ

ਥਾਂ ਹੋਰ ਕੁਝ ਬੀਜਿਆ ਹੋਇਆ ਫਲੀਭੂਤ ਨਹੀਂ ਹੋਵੇਗਾ। ਭਾਈ ! ਭੁੱਲ ਨਾਂ ਜਾਇਓ। ਹਮੇਸ਼ਾ ਯਾਦ ਰੱਖੋ :-

**ਅਬ ਕਲੂ ਆਇਓ ਰੇ ॥ ਇਕੁ ਨਾਮੁ ਬੋਵਹੁ ਬੋਵਹੁ ॥**
**ਅਨ ਰੂਤਿ ਨਾਹੀ ਨਾਹੀ ॥ ਮਤੁ ਭਰਮਿ ਭੂਲਹੁ ਭੂਲਹੁ ॥** (ਅੰਗ-੧੧੮੫)

ਕਬੀਰ ਸਾਹਿਬ ਕਰੜੀ ਸ਼ਬਦਾਵਲੀ ਵਰਤ ਕੇ, ਕਰਮ ਧਰਮ ਪਾਖੰਡ ਕਰਨ ਵਾਲਿਆ ਨੂੰ ਕਹਿੰਦੇ ਹਨ, ਮੈਨੂੰ ਤਾਂ ਇਉਂ ਲੱਗਦਾ ਹੈ ਜਿਵੇਂ ਲੋਕਾਂ ਨੇ ਰੱਬ ਨੂੰ ਖਿਡੌਣਾ ਸਮਝਿਆ ਹੋਵੇ। ਲੋਕੀਂ ਮੱਥੇ ਤੇ ਟਿੱਕਾ ਲਗਾ ਕੇ, ਹੱਥ ਵਿਚ ਮਾਲਾ ਫੜ ਕੇ, ਗੇਰੂ ਬਸਤ੍ਰ ਜਾਂ ਲੰਮੇ ਲੰਮੇ ਚੋਲੇ ਪਾ ਕੇ ਪਖੰਡ ਕਰਦੇ ਹਨ। ਮੈਂ ਸਤਿਗੁਰੂ ਤੋਂ ਸਿਵਾ ਹੋਰ ਦੀ ਪੂਜਾ ਨਹੀਂ ਕਰਦਾ।

ਸਰਬ ਵਿਆਪੀ ਰਾਮ ਦੀ ਭਗਤੀ ਤੋਂ ਬਿਨਾਂ ਇਹ ਸਭ ਨਿਸਫਲ ਹਨ। ਸਦਾ ਸਦਾ ਉਨ੍ਹਾਂ ਨੂੰ ਧਿਆਉਂਦਾ ਹਾਂ। ਸਤਿਗੁਰੂ ਦੀ ਸੇਵਾ ਨਾਲ ਮੈਨੂੰ ਦਰਗਾਹ ਵਿਚ ਸਥਾਨ ਮਿਲੇਗਾ :-

**ਮਾਥੇ ਤਿਲਕੁ ਹਥਿ ਮਾਲਾ ਬਾਨਾਂ ॥ ਲੋਗਨ ਰਾਮੁ ਖਿਲਉਨਾ ਜਾਨਾਂ ॥੧॥ ਜਉ ਹਉ ਬਉਰਾ ਤਉ ਰਾਮ ਤੋਰਾ ॥ ਲੋਗੁ ਮਰਮੁ ਕਹ ਜਾਨੈ ਮੋਰਾ ॥੧॥ ਰਹਾਉ ॥ ਤੋਰਉ ਨ ਪਾਤੀ ਪੂਜਉ ਨ ਦੇਵਾ ॥ ਰਾਮ ਭਗਤਿ ਬਿਨੁ ਨਿਹਫਲ ਸੇਵਾ ॥੨॥ ਸਤਿਗੁਰੁ ਪੂਜਉ ਸਦਾ ਸਦਾ ਮਨਾਵਉ ॥ ਐਸੀ ਸੇਵ ਦਰਗਹ ਸੁਖੁ ਪਾਵਉ ॥੩॥**

(ਅੰਗ-੧੧੫੮)

ਪ੍ਰੇਮਾ-ਭਗਤੀ ਦੇ ਰਾਹ ਤੇ ਵਾਹਿਗੁਰੂ ਦੇ ਸਰਗੁਣ ਸਰੂਪ ਸਤਿਗੁਰੂ ਜਾਂ ਅਕਾਲ ਪੁਰਖ ਦੀ ਪੂਜਾ ਤੋਂ ਸਿਵਾ ਹੋਰ ਕਿਸੇ ਵੀ ਤਰ੍ਹਾਂ ਦੀ ਪੂਜਾ ਪ੍ਰਵਾਨ ਨਹੀਂ। ਧੂਪ, ਦੀਪ, ਬੱਤੀ ਆਦਿ ਸਾਧਨ ਵੀ ਨਾਮ ਸਿਮਰਨ ਨਾਲ ਹੀ ਜੋੜੇ ਜਾਂਦੇ ਹਨ। ਨਾਮ ਦੀ ਕਮਾਈ ਕਰਨੀ ਹੀ ਫਲਦਾਇਕ ਹੈ। ਤੀਰਥਾਂ ਆਦਿ ਦਾ ਇਸ਼ਨਾਨ, ਜੋਤਾਂ ਜਗਾਉਣੀਆਂ ਵੀ ਸ਼ਬਦ ਦੀ ਕਮਾਈ ਦੀਆਂ ਹੀ ਹੋਣ। ਭਾਵ ਨਾਮ ਸਿਮਰਨ ਇਨ੍ਹਾਂ ਸਭ ਕਰਮ ਕਾਂਡਾਂ ਤੋਂ ਉਪਰ ਹੈ ।

**ਨਾਮੁ ਤੇਰੋ ਆਰਤੀ ਮਜਨੁ ਮੁਰਾਰੇ ॥ ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ ॥੧॥ ਰਹਾਉ ॥ ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ ਨਾਮੁ ਤੇਰਾ ਕੇਸਰੋ ਲੇ ਛਿਟਕਾਰੇ ॥ ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ ॥੧॥ ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ॥ ਨਾਮ ਤੇਰੇ ਕੀ ਜੋਤਿ ਲਗਾਈ ਭਇਓ ਉਜਿਆਰੋ ਭਵਨ ਸਗਲਾਰੇ ॥੨॥ ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ ਭਾਰ ਅਠਾਰਹ ਸਗਲ ਜੂਠਾਰੇ ॥੩॥**

(ਅੰਗ-੬੯੪)

ਆਰਤੀ, ਇਸ਼ਨਾਨ, ਆਸਨ, ਪੱਥਰ ਦੀ ਪੂਜਾ, ਕੇਸਰ, ਪਾਣੀ, ਚੰਦਨ, ਦੀਵਾ, ਬੱਤੀ, ਤੇਲ, ਅੱਗ, ਧਾਗਾ, ਫੁੱਲਾਂ ਦੀ ਮਾਲਾਂ, ਚੌਰ, ਅਠਾਰਾਂ ਪੁਰਾਣਾ, ਅਠਾਹਠ ਤੀਰਥ। ਇਹ ਸਭ ਸਮੱਗਰੀ ਨਾਮ ਹੀ ਹੋਣੀ ਚਾਹੀਦੀ ਹੈ, ਕੇਵਲ ਨਾਮ ਜਪਣ ਵਿੱਚ ਇਹ ਸਾਰੇ ਕਰਮ ਆਪੇ ਹੀ ਹੋ ਜਾਂਦੇ ਹਨ। ਨਾਮ ਸਤਿਨਾਮ ਦਾ ਜਪਣਾ ਹੀ ਪ੍ਰਭੂ ਨੂੰ ਭੋਗ ਲਗਵਾਉਂਣਾ ਹੈ :-

**ਜਤ ਸਤ ਸੰਜਮ ਹੋਮ ਜਗ ਜਪ ਤਪ ਦਾਨ ਪੁਨ ਬਹੁਤੇਰੇ ।**
**ਰਿਧ ਸਿਧ ਨਿਧ ਪਾਖੰਡ ਬਹੁ ਤੰਤ੍ਰ ਮੰਤ੍ਰ ਨਾਟਕ ਅਗਲੇਰੇ।**
**ਬੀਰਾਰਾਧਣ ਜੋਗਣੀ ਮੜ੍ਹੀ ਮਸਾਣ ਵਿਡਾਣ ਘਨੇਰੇ ।**
**ਪੂਰਕ ਕੁੰਭਕ ਰੇਚਕਾ ਨਿਵਲੀ ਕਰਮ ਭੁਇਅੰਗਮ ਘੇਰੇ ।**
**ਸਿਧਾਸਨ ਪਰਚੇ ਘਣੇ ਹਠ ਨਿਗ੍ਰਹੈ ਕੌਤਕ ਲਖ ਹੇਰੇ ।**
**ਪਾਰਸ ਮਣੀ ਰਸਾਇਣਾ ਕਰਾਮਾਤ ਕਾਲਕ ਆਨ੍ਹੇਰੇ ।**
**ਪੂਜਾ ਵਰਤ ਉਪਾਰਣੇ ਵਰ ਸਰਾਪ ਸ਼ਿਵ ਸ਼ਕਤਿ ਲਵੇਰੇ ।**
**ਸਾਧ ਸੰਗਤ ਗੁਰ ਸ਼ਬਦ ਵਿਣ ਥਾਉਂ ਨ ਪਾਇਣ ਭਲੇ ਭਲੇਰੇ ।**
**ਕੂੜ ਇਕ ਗੰਢੀ ਸੌ ਫੇਰੇ ।** (ਵਾਰ ਭਾਈ ਗੁਰਦਾਸ ਜੀ, ਵਾਰ ੫, ਪਉੜੀ ੭)

ਬਹੁਤ ਸਾਰੇ ਲੋਕ ਜਪ, ਤਪ, ਦਾਨ ਪੁੰਨ ਅਤੇ ਜਤ ਸਤ ਸੰਜਮ ਕਰਦੇ ਹਨ ਅਤੇ ਅਪਣੀ ਕਲਿਆਣ ਕੇਵਲ ਇਸੀ 'ਚ ਸਮਝਦੇ ਹਨ। ਕਈ ਜਣੇ ਰਿਧੀ ਸਿਧੀਆਂ, ਮੰਤ੍ਰ-ਤਵੀਤ, ਬਵੰਜਾ ਬੀਰਾਂ ਦੀ ਆਰਾਧਣਾ, ਮੜੀ ਮਸਾਣ ਦੀ ਪੂਜਾ ਦੇ ਵਿਚ ਹੀ ਉਲਝਦੇ ਹਨ। ਕਈ ਵਰਤ ਆਦਿ ਅਤੇ ਵਰ-ਸਰਾਪ ਦੇ ਚੱਕਰਾਂ ਵਿੱਚ ਹੀ ਫਸੇ ਰਹਿੰਦੇ ਹਨ। ਇਹ ਸਭ ਹਉਮੈ ਨੂੰ ਵਧਾਉਂਣ ਵਾਲੇ ਕਰਮ ਹਨ। ਗੁਰਮਤਿ ਵਿੱਚ '**ਹਉਮੈ ਨਾਵੈ ਨਾਲ ਵਿਰੋਧ ਹੈ**' ਦਾ ਅਸੂਲ ਕੰਮ ਕਰਦਾ ਹੈ। ਹਉਂ ਵਾਲਾ ਪੁਰਸ਼ ਪਿਤਾ-ਪ੍ਰਮਾਤਮਾ ਦਾ ਮਿਲਾਪ ਨਹੀਂ ਮਾਣ ਸਕਦਾ। ਭਲਾ ਪੁਰਸ਼, ਸਾਧ ਸੰਗਤ ਵਿਚ ਹਉਂ ਨੂੰ ਮਿਟਾ ਕੇ ਗੁਰ ਸ਼ਬਦ 'ਵਾਹਿਗੁਰੂ' ਨਾਮ ਦਾ ਅਭਿਆਸ ਕਰਕੇ ਆਪਣਾ ਜੀਵਨ ਸਫਲ ਕਰ ਸਕਦੇ ਹਨ।

ਨਾਮ ਜਪਣ ਵਾਲਾ ਪ੍ਰਾਣੀ ਕਿਸੇ ਕਿਸਮ ਦੇ ਸ਼ਗਨ-ਅਪਸ਼ਗਨ ਵਿੱਚ ਨਹੀਂ ਪੈਂਦਾ। ਗੁਰਮਤਿ ਦਾ ਰਾਹੀ ਨਾਮ ਜਪਦਾ ਹੋਇਆ ਇਨ੍ਹਾਂ ਨੂੰ ਅੱਖ ਤਲੇ ਨਹੀਂ ਲਿਆਉਂਦਾ ਭਾਵ ਸ਼ਗਨ, ਅਪਸ਼ਗਨ ਦੀ ਪ੍ਰਵਾਹ ਨਹੀਂ ਕਰਦਾ।

**ਸਉਣ ਸਗੁਨ ਬੀਚਾਰਣੇ ਨਉਂ ਗ੍ਰਹ ਬਾਰਹ ਰਾਸਿ ਵੀਚਾਰਾ ।**
**ਕਾਮਣ ਟੂਣੇ ਅਉਸੀਆਂ ਕਣ ਸੋਹੀ ਪਾਸਾਰ ਪਾਸਾਰਾ ।**
**ਗਦੋਂ ਕੁੱਤੇ ਬਿਲੀਆਂ ਇਲ ਮਲਾਲੀ ਗਿਦੜ ਛਾਰਾ ।**

**ਨਾਰਿ ਪੁਰਖ ਪਾਣੀ ਅਗਨਿ ਛਿਕ ਪਦ ਹਿਡਕੀ ਵਰਤਾਰਾ ।**
**ਥਿਤ ਵਾਰ ਭਦਰਾਂ ਭਰਮ ਦਿਸ਼ਾਸ਼ੂਲ ਸਹਿਸਾ ਸੰਸਾਰਾ ।**
**ਵਲ ਛਲ ਕਰ ਵਿਸਵਾਸ ਲਖ ਬਹੁ ਚੁਖੀਂ ਕਿਉਂ ਰਵੈ ਪਤਾਰਾ ।**
**ਗੁਰਮੁਖ ਸੁਖ ਫਲ ਪਾਰ ਉਤਾਰਾ ।** (ਵਾਰ ਭਾਈ ਗੁਰਦਾਸ, ਵਾਰ ੫, ਪਉੜੀ ੮)

ਜੋਤਿਸ਼ ਸ਼ਾਸਤ੍ਰਾਂ ਅਨੁਸਾਰ ਸ਼ਗਨ, ਗ੍ਰਿਹ-ਚਾਲ, ਰਾਸ਼ੀਆਂ ਆਦਿ ਦਾ ਧਿਆਨ ਕਰਨਾ ਸਭ ਮਨਮੱਤ ਹੈ। ਟੂਣੇ ਆਦਿ ਕਰਨੇ ਗੁਰਮਤਿ ਨਹੀਂ। ਖੋਤੇ, ਬਿੱਲੀਆਂ, ਕੁੱਤਿਆਂ ਜਾਂ ਇੱਲਾਂ ਦਾ ਸ਼ਗਨ ਅਪਸ਼ਗਨ ਮਨਾਉਣਾ ਫੋਕੇ ਵਹਿਮ ਹਨ ।

ਘਰੋਂ ਤੁਰਨ ਵੇਲੇ ਨਾਰੀ-ਪੁਰਖ-ਪਾਣੀ-ਅੱਗ ਆਦਿ ਦੇ ਮਿਲਣ ਦਾ ਵੀਚਾਰ ਰੱਖਣਾ ਜਾਂ ਨਿਛ ਨੂੰ ਮਨਾਉਣਾ ਬੇ-ਅਰਥ ਹਨ। ਦਿਨ-ਮਹੀਨੇ-ਥਿਤਾਂ (ਪੂਰਨਮਾਸ਼ੀ, ਸੰਗਰਾਂਦ, ਮੱਸਿਆ) ਆਦਿ ਅਤੇ ਸ਼ਨੀਚਰਵਾਰ ਦਾ ਵਹਿਮ ਕਰਨਾ ਇਵੇਂ ਹੈ ਜਿਵੇਂ ਹਜ਼ਾਰਾਂ ਹੀ ਯਤਨ ਕਰਦੇ ਫਿਰੀਏ ਪਰ ਗੁਰੂ ਦੀ ਗੱਲ ਨਾ ਮੰਨੀਏ।

ਬਾਰਹਮਾਂਹ ਦੀ ਬਾਣੀ ਦੇ ਅੰਤਲੇ ਪਦੇ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਤੱਤ ਕੱਢਦੇ ਹਨ, '**ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇਇ**' ਪ੍ਰਮਾਤਮਾ ਦੀ ਨਜ਼ਰ ਸਵੱਲੀ ਚਾਹੀਦੀ ਹੈ। ਉਸ ਦੀ ਮਿਹਰ ਹੋਵੇ, ਅਸੀਂ ਉਸ ਦੇ ਲੜ ਲੱਗੇ ਹੋਈਏ, ਸ਼ਬਦ ਨਾਲ ਜੁੜੇ ਰਹੀਏ, ਫਿਰ ਦਿਨ ਤਿਹਾਰ ਦੀ ਕੋਈ ਵਿਚਾਰ ਨਹੀਂ, ਕੋਈ ਪ੍ਰਵਾਹ ਨਹੀਂ।

ਆਪਣੇ ਇਸ਼ਟ ਅੱਗੇ ਕੇਵਲ ਕੁਝ ਅਰਪਨ ਕਰਕੇ ਸਮਝ ਲੈਣਾ ਕਿ ਸੇਵਾ ਪ੍ਰਵਾਨ ਹੋ ਗਈ, ਨਿਰਮੂਲ ਹੈ, ਕਿਉਂਕਿ ਉਸ ਦਾ ਹੀ ਦਿੱਤਾ ਹੋਇਆ ਸਭ ਕੁਝ ਹੈ। ਪੂਜਾ ਤਾਂ ਕੇਵਲ ਨਾਮ ਦੀ ਕਮਾਈ ਦੀ ਹੈ । ਸ੍ਰੀ ਗੁਰੂ ਅਮਰਦਾਸ ਜੀ ਫਰਮਾਉਂਦੇ ਹਨ:-

**ਰਾਮਕਲੀ ਮਹਲਾ ੩ ॥ ਹਰਿ ਕੀ ਪੂਜਾ ਦੁਲੰਭ ਹੈ ਸੰਤਹੁ ਕਹਣਾ ਕਛੂ ਨ ਜਾਈ ॥੧॥ ਸੰਤਹੁ ਗੁਰਮੁਖਿ ਪੂਰਾ ਪਾਈ ॥ ਨਾਮੋ ਪੂਜ ਕਰਾਈ ॥੧॥ ਰਹਾਉ ॥ ਹਰਿ ਬਿਨੁ ਸਭੁ ਕਿਛੁ ਮੈਲਾ ਸੰਤਹੁ ਕਿਆ ਹਉ ਪੂਜ ਚੜਾਈ ॥੨॥** (ਅੰਗ-੯੧੦)

ਪ੍ਰਮਾਤਮਾ ਦੇ ਨਾਮ ਤੋਂ ਬਿਨਾਂ ਸਭ ਕੁਝ ਹੀ ਮੈਲਾ ਹੈ। ਭਗਤ ਰਵਿਦਾਸ ਜੀ ਆਖਦੇ ਹਨ :-

**ਦੂਧੁ ਤ ਬਛਰੈ ਥਨਹੁ ਬਿਟਾਰਿਓ ॥ ਫੂਲੁ ਭਵਰਿ ਜਲੁ ਮੀਨਿ ਬਿਗਾਰਿਓ ॥੧॥ ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ ॥ ਅਵਰੁ ਨ ਫੂਲੁ ਅਨੂਪੁ ਨ ਪਾਵਉ ॥੧॥ ਰਹਾਉ ॥ ਮੈਲਾਗਰ ਬੇਰ੍ਹੇ ਹੈ ਭੁਇਅੰਗਾ ॥ ਬਿਖੁ ਅੰਮ੍ਰਿਤੁ ਬਸਹਿ ਇਕ ਸੰਗਾ ॥੨॥ ਧੂਪ ਦੀਪ ਨਈਬੇਦਹਿ ਬਾਸਾ ॥ ਕੈਸੇ ਪੂਜ ਕਰਹਿ ਤੇਰੀ ਦਾਸਾ ॥੩॥ ਤਨੁ ਮਨੁ ਅਰਪਉ ਪੂਜ ਚਰਾਵਉ ॥ ਗੁਰ ਪਰਸਾਦਿ ਨਿਰੰਜਨੁ ਪਾਵਉ ॥੪॥** (ਅੰਗ-੫੨੫)

ਥਣਾ ਨੂੰ ਚੁੰਘ ਕੇ ਦੁੱਧ ਤਾਂ ਬਛੜੇ ਨੇ ਜੂਠਾ ਕਰ ਦਿੱਤਾ, ਭੌਰੇ ਨੇ ਫੁੱਲਾਂ ਨੂੰ ਸੁੰਘ ਸੁੰਘ ਕੇ ਜੂਠੇ ਕਰ ਦਿੱਤੇ। ਪਾਣੀ ਨੂੰ ਮੱਛੀ ਗੰਧਲਾ-ਖਰਾਬ ਕਰ ਦਿੰਦੀ ਹੈ। ਇਸ ਤਰ੍ਹਾਂ ਸਾਰੀਆਂ ਚੀਜ਼ਾਂ ਜੂਠੀਆਂ-ਮੈਲੀਆਂ ਹਨ। ਚੰਦਨ ਦੇ ਬੂਟੇ ਨੂੰ ਸੱਪ ਚੰਬੜੇ ਰਹਿੰਦੇ ਹਨ। ਜਿਸ ਨਾਲ ਜ਼ਹਿਰ ਤੇ ਅੰਮ੍ਰਿਤ ਦੋਵੇਂ ਇਕ ਥਾਂ ਇਕੱਠੇ ਵੱਸਦੇ ਹਨ। ਕੀ ਕਰੀਏ। ਇਨ੍ਹਾਂ ਵਸਤਾਂ ਨਾਲ ਕਿਵੇਂ ਪੂਜਾ ਹੋ ਸਕਦੀ ਹੈ। ਪੂਜਾ ਕਰਨ ਦਾ ਅਸਲ ਤਰੀਕਾ ਤਾਂ ਇਹ ਹੈ ਕਿ ਤਨ ਮਨ ਸਤਿਗੁਰੂ ਨੂੰ ਅਰਪ ਕੇ ਹੀ ਨਿਰੰਜਨ (ਵਾਹਿਗੁਰੂ) ਜੀ ਨੂੰ ਮਿਲ ਸਕਦੇ ਹਾਂ। ਗੁਰੂ ਦੇ ਬਚਨ, ਗੁਰੂ ਦੀ ਬਾਣੀ ਸਿੱਖ ਲਈ ਹੁਕਮ ਹੀ ਹਨ ਕਿ ਅਕਾਲ ਪੁਰਖ ਦੀ ਪੂਜਾ ਬਾਬਤ ਦੇਖੋ ਹੁਕਮ ਮਹਾਰਾਜ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ :-

**ਜਾਗਤ ਜੋਤ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ ।**
**ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ ਗੋਰ ਮੜ੍ਹੀ ਮਠ, ਭੂਲ ਨ ਮਾਨੈ ।**
**ਤੀਰਥ ਦਾਨ ਦਇਆ ਤਪ ਸੰਜਮ, ਏਕ ਬਿਨਾ ਨਹਿ ਏਕ ਪਛਾਨੈ ।**
**ਪੂਰਨ ਜੋਤਿ ਜਗੈ ਘਟ ਮੈ, ਤਬ ਖਾਲਸ ਤਾਹਿ ਨਿਖਾਲਸ ਜਾਨੈ ।**

ਹਮੇਸ਼ਾ ਹੀ ਸਿੱਖ ਦਿਨ ਰਾਤ ਜਾਗਦੀ ਜੋਤ, ਜੋ ਘਟ ਘਟ ਵਿਚ ਸਮਾਈ ਹੈ '**ਸਭ ਮਹਿ ਜੋਤਿ ਜੋਤਿ ਹੈ ਸੋਇ**' ਵਾਹਿਗੁਰੂ ਜੀ ਜੋਤਿ ਸਰੂਪ ਹਰ ਥਾਂ ਹਰ ਜ਼ਰੇ ਵਿਚ ਸਮਾਏ ਹੋਏ ਹਨ। ਉਹ ਜੋਤਿ ਅਕਾਲ ਪੁਰਖ ਦੀ ਹੈ, ਉਸ ਨੂੰ ਹੀ ਜਪਣਾ ਚਾਹੀਦਾ ਹੈ। ਹੋਰ ਕੋਈ ਦੂਜਾ ਭਾਉ ਮਨ 'ਚ ਨਹੀਂ ਲਿਆਉਣਾ। ਵਾਹਿਗੁਰੂ ਪ੍ਰਤੀ ਮਨ ਵਿਚ ਪੂਰਾ ਪ੍ਰੇਮ ਤੇ ਪ੍ਰਤੀਤੀ ਧਾਰ ਕੇ, ਹੋਰ ਕਿਸੇ ਤਰ੍ਹਾਂ ਦੇ ਚੱਕਰ ਵਿਚ ਨਹੀਂ ਪੈਣਾ। ਮੜੀਆਂ ਮਸਾਣੀਆਂ-ਮੱਠਾਂ ਤੇ ਸਮਾਧਾਂ ਨੂੰ ਭੁੱਲ ਕੇ ਵੀ ਨਹੀਂ ਮੰਨਣਾ ਜਾਂ ਪੂਜਣਾ। ਇੱਕ ਦੇ ਆਸਰੇ ਤੋਂ ਬਿਨਾਂ ਉਸ ਜੋਤ ਦੇ ਸਿਮਰਨ ਤੋਂ ਬਿਨਾਂ ਤੀਰਥ, ਦਾਨ, ਦਇਆ ਤੇ ਸੰਜਮ ਵੀ ਬੇ-ਅਰਥ ਹਨ।

ਇਸ ਸ਼ਬਦ ਵਿਚ ਮਹਾਰਾਜ ਨੇ ਖਾਲਸੇ ਦੇ ਲੱਛਣ ਦੱਸੇ ਹਨ ਕਿ ਅਜਿਹਾ ਜਗਿਆਸੂ ਹੀ ਖਾਲਸਾ ਅਖਵਾ ਸਕਦਾ ਹੈ ਜਿਸ ਦੇ ਹਿਰਦੇ ਵਿਚ ਅਕਾਲ ਪੁਰਖ ਵਾਹਿਗੁਰੂ ਦੀ ਪੂਰਨ ਜੋਤ ਦਾ ਉਜਾਲਾ ਹੈ ਅਤੇ ਉਹ ਇਕ ਅਕਾਲ ਪੁਰਖ ਤੋਂ ਸਿਵਾ ਹੋਰ ਕਿਸੇ ਤਰ੍ਹਾਂ ਦੀ ਪੂਜਾ ਵਲ ਧਿਆਨ ਨਹੀਂ ਦਿੰਦਾ। ਉਹ ਸ਼ੁੱਧ (ਨਿਖਾਲਸ) ਖਾਲਸਾ ਹੈ।

-o-o-o-

# ਸਿਹਤ ਸੰਭਾਲ

## ਆਂਵਲਾ ਜਾਂ ਆਮਲਾ

-ਸ.ਸੁਰਿੰਦਰ ਸਿੰਘ, ਵੈਦਰਾਜ, ਮੋ : 9501017194

ਆਂਵਲਾ ਹਿੰਦੁਸਤਾਨ ਦਾ ਮਸ਼ਹੂਰ ਫਲ ਹੈ। ਇਹ ਜ਼ਿਆਦਾਤਰ ਉਤਰੀ ਭਾਰਤ, ਬਿਹਾਰ, ਬੰਗਾਲ ਵਿੱਚ ਪਾਇਆ ਜਾਂਦਾ ਹੈ। ਭਾਰਤ ਤੋਂ ਇਲਾਵਾ ਚੀਨ, ਬਰਮਾ, ਸ੍ਰੀ ਲੰਕਾ ਵਿੱਚ ਵੀ ਪਾਇਆ ਜਾਂਦਾ ਹੈ। ਪੰਜਾਬੀ ਵਿੱਚ ਕਹਾਵਤ ਹੈ ਕਿ ਆਂਵਲੇ ਦਾ ਖਾਧਾ ਤੇ ਸਿਆਣੇ ਪੁਰਸ਼ ਦਾ ਕਿਹਾ ਬਾਅਦ ਵਿੱਚ ਪਤਾ ਲੱਗਦਾ ਹੈ। ਇਸ ਵਿੱਚ ਵਿਟਾਮਨ 'ਸੀ' ਦੀ ਮਾਤਰਾ ਸਭ ਤੋਂ ਜ਼ਿਆਦਾ ਪਾਈ ਜਾਂਦੀ ਹੈ। ਇਸ ਨੂੰ ਉਬਾਲਣ ਜਾਂ ਸੁਕਾਉਣ ਨਾਲ ਵਿਟਾਮਨ 'ਸੀ' ਦੀ ਮਾਤਰਾ ਨਸ਼ਟ ਨਹੀਂ ਹੁੰਦੀ ਪ੍ਰੰਤੂ ਬਾਕੀ ਫਲਾਂ ਅਤੇ ਸ਼ਬਜੀਆਂ ਦੇ ਵਿਟਾਮਨ ਸੁਕਾਉਣ ਜਾਂ ਉਬਾਲਣ ਨਾਲ ਨਸ਼ਟ ਹੋ ਜਾਂਦੀ ਹੈ। ਇਸ ਦੇ ਫਲ ਦਾ ਆਕਾਰ ਅਨਾਰ ਤੋਂ ਲੈ ਕੇ ਅਖਰੋਟ ਦੇ ਬਰਾਬਰ ਹੁੰਦਾ ਹੈ। ਵੱਡੇ ਆਮਲਾ ਨੂੰ 'ਬਨਾਰਸੀ ਆਮਲਾ' ਕਹਿੰਦੇ ਹਨ, ਜੋ ਜ਼ਿਆਦਾਤਰ ਮੁਰੱਬਾ ਪਾਉਣ ਦੇ ਕੰਮ ਆਉਂਦਾ ਹੈ। ਆਂਵਲੇ ਦਾ ਮੁਰੱਬਾ ਅਤੇ ਆਚਾਰ ਪਾਉਂਦੇ ਹਨ ਅਤੇ ਇਨ੍ਹਾਂ ਨੂੰ ਸੁੱਕਾ ਕੇ ਕਈ ਕਿਸਮ ਦੀਆਂ ਦਵਾਈਆਂ ਵਿੱਚ ਪ੍ਰਯੋਗ ਕਰਦੇ ਹਨ। ਇਸ ਦੇ ਬਾਹਰਲੇ ਪਾਸੇ ਖਰਬੂਜੇ ਦੀ ਤਰ੍ਹਾਂ ੬ ਲਾਇਨਾਂ, ੬ ਹਿੱਸਿਆਂ ਵਿੱਚ ਦਿਖਾਈ ਦਿੰਦੀਆਂ ਹਨ। ਇਸ ਦੇ ਅੰਦਰ ਗੁਠਲੀ ਵਿੱਚ ਤਿੰਨ ਕੋਸ਼ ਹੁੰਦੇ ਹਨ। ਹਰ ਇੱਕ ਕੋਸ਼ ਵਿੱਚ ੨-੨ ਤ੍ਰਿਕੋਣਾਕਾਰ ਬੀਜ ਪਾਏ ਜਾਂਦੇ ਹਨ।

**ਵੱਖਰੇ ਨਾਮ** : ਸੰਸਕ੍ਰਿਤ-ਆਮਲਕ, ਸਾਤ੍ਰੀ; ਹਿੰਦੀ-ਆਂਵਲਾ; ਬੰਗਲਾ-ਆਮਲਕੀ, ਆਮੁਲਾ; ਮਰਾਠੀ-ਆਂਵਲਾ; ਪੰਜਾਬੀ-ਆਉਲਾ; ਫਾਰਸੀ-ਆਮਲਜ, ਆਮਲ; ਅੰਗ੍ਰੇਜੀ-ਇੰਡੀਅਨ ਗੂਜ਼ਬੇਰੀ ; ਲੇਟਿਨ EMBLICA OFFICINALIS

ਇਹ ਤਿੰਨਾਂ ਦੋਸ਼ਾਂ, ਵਾਤ, ਪਿੱਤ, ਕਫ ਨੂੰ ਦੂਰ ਕਰਨ ਵਾਲਾ ਹੈ। ਜਿਆਦਾਤਰ ਦਵਾਈਆਂ ਵਿੱਚ ਇਸ ਦਾ 'ਫਲ' ਪ੍ਰਯੋਗ ਕੀਤਾ ਜਾਂਦਾ ਹੈ।

**ਲਾਭ** : ਆਮਲਾ ਦਿਲ ਦੀ ਕਮਜ਼ੋਰੀ, ਘਬਰਾਹਟ, ਦਿਲ ਦਾ ਧੜਕਣਾ, ਪਾਗਲ ਪਨ ਦੇ ਲਈ ਲਾਭਦਾਇਕ ਹੈ। ਦਿਮਾਗ, ਨਜ਼ਰ ਨੂੰ ਤਾਕਤ ਦਿੰਦਾ, ਯਾਦ ਸ਼ਕਤੀ ਵਿੱਚ ਵਾਧਾ ਕਰਦਾ ਹੈ। ਮੇਹਦਾ, ਅੰਤੜੀਆਂ ਨੂੰ ਮਜ਼ਬੂਤ ਕਰਕੇ ਇਨ੍ਹਾਂ ਨੂੰ ਸ਼ਕਤੀ ਦਿੰਦਾ ਹੈ। ਪਿੱਤ, ਖ਼ੂੰਨ ਦੇ ਜੋਸ਼ ਨੂੰ ਸ਼ਾਂਤ ਕਰਦਾ ਹੈ। ਦਸਤਾਂ ਨੂੰ ਰੋਕਣ ਲਈ, ਪਿਆਸ ਬੁਝਾਉਂਣ ਲਈ ਪ੍ਰਯੋਗ ਕੀਤਾ ਜਾਂਦਾ ਹੈ। ਆਓ ਇਸ ਦੇ ਘਰੇਲੂ ਪ੍ਰਯੋਗਾਂ ਤੇ ਨਜ਼ਰ ਪਾਈਏ ਤੇ ਬਣਾ ਕੇ ਲਾਭ ਉਠਾਈਏ।

## ੧. ਬੁਖਾਰ ਲਈ :

੧) **ਆਮਲ ਕਿਆਦੀ ਚੂਰਨ** : ਆਂਮਲਾ (ਗੁਠਲੀ ਕੱਢ ਕੇ)+ਮਘਾਂ+ਚਿਤਰਕ ਦੀ ਜੜ੍ਹ ਦਾ ਛਿਲਕਾ+ਪੀਲੀ ਹਰੜ ਦਾ ਛਿਲਕਾ+ਸੇਂਧਾ ਨਮਕ ਸਾਰੀਆਂ ਦਵਾਈਆਂ ਬਰਾਬਰ ਵਜ਼ਨ ਲੈ ਕੇ ਚੂਰਨ ਬਣਾਓ।

**ਖੁਰਾਕ** : ੨-੩ ਗ੍ਰਾਮ (ਚਾਹ ਵਾਲਾ ਚਮਚਾ) ਗਰਮ ਪਾਣੀ ਦੇ ਨਾਲ ਦਿਨ ਵਿੱਚ ੨-੩ ਵਾਰ ਲਓ।

**ਲਾਭ** : ਹਰ ਕਿਸਮ ਦੇ ਬੁਖਾਰ ਲਈ ਲਾਭਦਾਇਕ ਹੈ, ਕਬਜ਼ ਦੂਰ ਕਰਦਾ ਹੈ, ਪਾਚਨ ਸ਼ਕਤੀ ਠੀਕ ਕਰਦਾ ਹੈ। ਬਲਗਮ ਤੇ ਬਦਹਜ਼ਮੀ ਨੂੰ ਦੂਰ ਕਰਦਾ ਹੈ, ਭੁੱਖ ਵਿੱਚ ਵਾਧਾ ਕਰਦਾ ਹੈ, ਹਲਕਾ ਹਲਕਾ ਬੁਖਾਰ ਰਹਿੰਦਾ ਹੋਵੇ ਤਾਂ ਇਹ ਚੂਰਨ ਬਹੁਤ ਲਾਭ ਦਾਇਕ ਹੈ।

੨. **ਦਸ਼ਤਾਂ ਲਈ** : (ੳ) ਦਸਤਾਂ ਨੂੰ ਰੋਕਣ ਵਾਸਤੇ ਮੇਹਦੇ ਨੂੰ ਤਾਕਤ ਦੇਣ ਲਈ ਖੁਸ਼ਕ ਆਂਵਲਿਆਂ ਨੂੰ ਥੋੜੇ ਪਾਣੀ ਵਿੱਚ ਭਿਓਂ ਕੇ ਰੱਖਣ ਦੇ ਬਾਅਦ ਉਨ੍ਹਾਂ ਨੂੰ ਪੀਸ ਲਓ ਥੋੜਾ ਨਮਕ ਮਿਲਾ ਕੇ ਜੰਗਲੀ ਬੇਰ ਦੇ ਬਰਾਬਰ ਗੋਲੀਆਂ ਬਣਾਓ। ਇਕ-ਇੱਕ ਗੋਲੀ ਸਵੇਰੇ ਸ਼ਾਮ ਲਉ ।

(ਅ) ਆਂਮਲੇ ਦੇ ਪੱਤੇ+ਮੇਥੀ ਦਾਨਾ ਦਾ ਕਾੜਾ ਬਣਾ ਕੇ ਦੇਣ ਨਾਲ ਦਸਤਾਂ ਤੋਂ ਆਰਾਮ ਮਿਲਦਾ ਹੈ।

੩. **ਬਲੱਡ ਪ੍ਰੈਸ਼ਰ** : ਆਂਵਲਾ+ਸਰਪਗੰਧਾ (ਅਸਰੋਲ ਬੂਟੀ)+ਗਿਲੋ ਬਰਾਬਰ ਵਜ਼ਨ ਲੈ ਕੇ ਚੂਰਨ ਬਣਾ ਲਓ। ਇਸ ਦੀ ਦੋ ਗ੍ਰਾਮ ਦੀ ਮਾਤਰਾ ਪ੍ਰਯੋਗ ਕਰਨ ਨਾਲ ਬਲਡ ਪ੍ਰੈਸ਼ਰ ਠੀਕ ਹੋ ਜਾਂਦਾ ਹੈ।

੪. **ਗਲਾ ਬੈਠਣਾ** : ਆਂਵਲੇ ਦੇ ਚੂਰਨ, ਦੋ ਗ੍ਰਾਮ ਦੀ ਮਾਤਰਾ ਵਿੱਚ ਦੁੱਧ ਨਾਲ ਸੇਵਨ ਕਰਨ ਨਾਲ ਬੈਠੀ ਹੋਈ ਆਵਾਜ਼ ਠੀਕ ਹੋ ਜਾਂਦੀ ਹੈ।

੫. **ਖਾਂਸੀ** : ਆਂਵਲੇ ਦਾ ਚੂਰਨ ੫੦ ਗ੍ਰਾਮ+ਹਰੜ ੫੦ ਗ੍ਰਾਮ+ਸੁੰਢ ੨੫ ਗ੍ਰਾਮ ਇਨ੍ਹਾਂ ਸਾਰਿਆਂ ਨੂੰ ਕੁੱਟ ਕੇ ਚੂਰਨ ਬਣਾ ਲਓ। ੪-੫ ਗ੍ਰਾਮ ਚੂਰਨ ਗਰਮ ਪਾਣੀ ਨਾਲ ਦਿਓ। ਖਾਂਸੀ ਲਈ ਲਾਭਦਾਇਕ ਹੈ।

੬. **ਭੁੱਖ ਦਾ ਨਾ ਲੱਗਣਾ (ਭੁੱਖ ਦੀ ਕਮੀ)** : ਆਂਵਲਾ+ਮਘਾਂ+ਦਾਲ ਚੀਨੀ ਬਰਾਬਰ ਮਾਤਰਾ ਵਿੱਚ ਮਿਲ ਕੇ ਚੂਰਨ ਬਣਾ ਲਓ। ੩-੪ ਗ੍ਰਾਮ ਪਾਣੀ ਨਾਲ ਪ੍ਰਯੋਗ ਕਰੋ। ਭੁੱਖ ਲੱਗਣ ਲੱਗ ਜਾਵੇਗੀ।

੭. **ਤੇਜ਼ਾਬੀ ਮਾਦਾ (ਅਮਲਪਿੱਤ)** : ਆਂਵਲੇ ਦੇ ਚੂਰਨ ੩ ਗ੍ਰਾਮ+ਸ਼ੰਖ ਭਸਮ ੧ ਰਤੀ ਮਿਲਾ ਕੇ ਪਾਣੀ ਨਾਲ ਪ੍ਰਯੋਗ ਕਰਨ ਨਾਲ ਖੱਟੇ ਡਕਾਰ, ਤੇਜ਼ਾਬੀ ਮਾਦਾ ਠੀਕ ਹੋ ਜਾਂਦਾ ਹੈ।

੮. **ਡਿਆਬਟੀਜ਼ (Diabetes)** : ਆਮਲਾ ਖੁਸ਼ਕ+ਜਾਮਨ ਦੀ ਗੁਠਲੀ ਬਰਾਬਰ ਵਜ਼ਨ ਲੈ ਕੇ ਪਾਊਡਰ ਬਣਾਓ। ਇਹ ਚੂਰਨ ੬-੬ ਮਾਸ਼ੇ ਤਾਜੇ ਪਾਣੀ ਨਾਲ ਸਵੇਰੇ ਸ਼ਾਮ ਲਉ।

੯. **ਸ਼ੋਜਸ਼** : ਆਂਵਲਾ ਖੁਸ਼ਕ+ਹਲਦੀ ਬਰਾਬਰ ਵਜ਼ਨ ਲੈ ਕੇ ਚੂਰਨ ਬਣਾਓ। ਰੋਜ਼ਾਨਾ ਸਵੇਰੇ ਨਿਰਨੇ ਕਲੇਜੇ (ਨਿਹਾਰ ਮੂੰਹ) ਚਾਰ ਗ੍ਰਾਮ ਦੁੱਧ ਜਾਂ ਪਾਣੀ ਨਾਲ ਖਾਣ ਨੂੰ ਦਿਓ।

੧੦. **ਵਾਲਾਂ ਦੇ ਰੋਗ (Hair Diseases)** : ਆਂਵਲਾ ਵਾਲਾਂ ਦੀਆਂ ਜੜ੍ਹਾਂ ਨੂੰ ਮਜ਼ਬੂਤ ਕਰਦਾ ਹੈ ਉਨ੍ਹਾਂ ਨੂੰ ਸਫੈਦ ਹੋਣ ਤੋਂ ਰੋਕਦਾ ਹੈ। ਇਸ ਲਈ ਆਂਵਲੇ ਨੂੰ ਪਾਣੀ ਵਿੱਚ ਪੀਸ ਕੇ ਵਾਲਾਂ ਦੀਆਂ ਜੜ੍ਹਾਂ ਵਿੱਚ ਲਾਉਂਦੇ ਹਨ। ਵਾਲਾਂ ਨੂੰ ਪਾਣੀ ਵਿੱਚ ਭਿਉਂ ਕੇ ਆਂਵਲੇ ਦੇ ਪਾਣੀ ਨਾਲ ਵਾਲਾਂ ਨੂੰ ਧੋਂਦੇ ਹਨ। ਇਹ ਤੇਲ ਡਾਬਰ ਆਂਵਲਾ ਬਾਜ਼ਾਰੋ ਮਿਲਦਾ ਹੈ। ਉਹ ਵੀ ਇਸ਼ਨਾਨ ਕਰ ਤੋਂ ਬਾਅਦ ਵਾਲਾਂ ਵਿੱਚ ਲਾਇਆ ਜਾਂਦਾ ਹੈ।

ਬ੍ਰਹਮੀ ਆਂਵਲਾ ਹੇਅਰ ਆਇਲ, ਆਂਵਲਾ ਹੇਅਰ ਆਇਲ, ਸ਼ਰਬਤ ਆਂਵਲਾ, ਮੁਰੱਬਾ ਆਂਵਲਾ ਬਾਜਰ ਤੋਂ ਡਾਬਰ, ਬੈਦਨਾਥ, ਜੰਡੂ ਕੰਪਨੀਆਂ ਦਾ ਮਿਲਦਾ ਹੈ। ਇਸ ਨਾਲ ਪਰਚਾ ਤਰਕੀਬ ਨਾਲ ਮਿਲਦਾ ਹੈ ਉਸ ਨੂੰ ਪੜ੍ਹ ਕੇ ਪ੍ਰਯੋਗ ਕਰੋ।

ਜਵਾਰਸ਼ ਆਂਵਲਾ ਹਮਦਰਦ ਕੰਪਨੀ ਵੀ ਮਿਲਦਾ ਹੈ। ਜਿਹੜਾ ਮੇਹਦੇ ਨੂੰ ਤਾਕਤ ਦਿੰਦਾ ਹੈ, ਦਿਲ ਦੀ ਹਰਕਤ ਨੂੰ ਠੀਕ ਕਰਦਾ ਹੈ। ਪਿੱਤ ਦੇ ਪੀਲੇ ਦਸਤਾਂ ਨੂੰ ਬੰਦ ਕਰਦਾ ਹੈ। ਕੰਪਨੀ ਦੀਆਂ ਹਦਾਇਤਾਂ ਅਨੁਸਾਰ ਪ੍ਰਯੋਗ ਕਰੋ।

੧੧. **ਪੁਰਸ਼ਾਂ ਦੇ ਰੋਗ**: ਆਵਲਾ+ਸਫੈਦ ਮੂਸਲੀ+ਅਸਗੰਧ+ਸ਼ਤਾਵਰੀ ਦਾ ਬਰਾਬਰ ਵਜ਼ਨ ਲੈ ਕੇ ਚੂਰਨ ਬਣਾਓ। ੩-੩ ਗ੍ਰਾਮ ਦੀ ਮਾਤਰਾ ਵਿੱਚ ਦਿਨ ਵਿੱਚ ਦੋ ਵਾਰ ਦੁੱਧ ਨਾਲ ਪ੍ਰਯੋਗ ਕਰੋ। ਇਸ ਨਾਲ ਔਲਾਦ ਪੈਦਾ ਕਰਨ ਵਾਲੇ ਸ਼ੁਕਰਾਣੂਆਂ ਵਿੱਚ ਵਾਧਾ ਹੁੰਦਾ ਹੈ।

੧੨. **ਔਰਤਾਂ ਦੇ ਰੋਗ**: ਆਮਲਾ+ਚਿਕਨੀ ਸੁਪਾਰੀ+ਮਾਜੂ ਫਲ+ਸਿੰਘਾਂੜਾ ਬਰਾਬਰ ਵਜ਼ਨ ਲੈ ਕੇ ਚੂਰਨ ਬਣਾ ਲਓ।ਇਸ ਸਾਰੇ ਵਜ਼ਨ ਦੇ ਬਰਾਬਰ ਮਿਸ਼ਰੀ ਮਿਲਾ ਲਓ। ੫-੧੦ ਗ੍ਰਾਮ ਦੀ ਮਾਤਰਾ ਚਾਵਲਾਂ ਦੇ ਧੋਣ ਦੇ ਨਾਲ ਪ੍ਰਯੋਗ ਕਰਨ ਨਾਲ ਲਕੋਰੀਆ ਰੋਗ ਦੂਰ ਹੋ ਜਾਂਦਾ ਹੈ।

-o-o-o-

# ਲੋਭ

ਸ.ਪਰਮਜੀਤ ਸਿੰਘ, ਮੋ : 98760-95689

ਗੁਰਬਾਣੀ ਵਿੱਚ ਪੰਜ ਵਿਕਾਰਾਂ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਦਾ ਕਥਨ ਬਹੁਤ ਵਾਰ ਆਉਂਦਾ ਹੈ। ਸਾਨੂੰ ਇਨ੍ਹਾਂ ਤੋਂ ਬਚਣ ਦੀ ਸਿੱਖਿਆ ਦਿੱਤੀ ਗਈ ਹੈ। ਪਰ ਹੱਥਲੇ ਲੇਖ ਵਿੱਚ ਅਸੀਂ ਕੇਵਲ ਲੋਭ ਬਾਰੇ ਵਿਚਾਰ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਭਾਈ ਕਾਨ੍ਹ ਸਿੰਘ ਨਾਭਾ ਜੀ ਨੇ ਲੋਭ ਸ਼ਬਦ ਦੇ ਅਰਥ ਲਾਲਚ, ਦੂਸਰੇ ਦਾ ਪਦਾਰਥ ਲੈਣ ਦੀ ਇੱਛਾ ਕੀਤੇ ਹਨ। ਆਮ ਬੋਲ-ਚਾਲ ਵਿੱਚ ਲੋਭ ਅਤੇ ਲਾਲਚ ਦੋਵੇਂ ਸ਼ਬਦਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ, ਕਿਉਂਕਿ ਦੋਵੇਂ ਸ਼ਬਦਾ ਦਾ ਤੱਥ-ਸਾਰ ਇੱਕ ਹੀ ਹੈ। ਲੋਭ, ਪਦਾਰਥਾਂ ਨੂੰ ਲੋੜ ਤੋਂ ਵੱਧ ਇਕੱਠਾ ਕਰਕੇ ਰੱਖਣ ਵਾਲੀ ਬਿਰਤੀ ਨੂੰ ਵੀ ਆਖਿਆ ਜਾਂਦਾ ਹੈ। ਧਨ ਤੇ ਵਾਸ਼ਨਾ ਅਜਿਹੀਆਂ ਖਤਰਨਾਕ ਬਿਰਤੀਆਂ ਹਨ ਜੋ ਵੱਡਿਆਂ-ਵੱਡਿਆਂ ਦੀ ਬੁੱਧੀ ਭ੍ਰਿਸ਼ਟ ਕਰ ਦਿੰਦੀਆਂ ਹਨ। ਇਹ ਵੀ ਕਹਾਵਤ ਹੈ ਕਿ ਲਾਲਚ ਬੁਰੀ ਬਲਾਅ ਹੈ। ਲੋਭੀ ਮਨੁੱਖ ਬਾਰੇ ਇਹ ਵੀ ਕਿਹਾ ਜਾਂਦਾ ਹੈ ਕਿ ਇਹ ਤਾਂ ਨੜ੍ਹਿਨਵਿਆਂ ਦੇ ਗੇੜ ਵਿੱਚ ਪਿਆ ਹੋਇਆ ਹੈ, ਜੋ ਮੁਕਣ ਵਾਲਾ ਨਹੀਂ। ਲੋਭੀ ਜੀਵ ਸਰੀਰ ਵਾਸਤੇ, ਪਰਿਵਾਰ ਵਾਸਤੇ ਜਾਂ ਫੋਕੇ ਦਿਖਾਵੇ ਵਾਸਤੇ ਧਨ ਜੋੜਨ ਲਈ, ਜਾਇਦਾਦ ਖਰੀਦਣ ਲਈ, ਹੀਰੇ ਜਵਾਹਰਾਤ ਹਾਸਲ ਕਰਕੇ ਘਰ ਵਿੱਚ ਰੱਖਣ ਲਈ, ਅਨੇਕਾਂ ਉਪੱਦ੍ਰਵ ਕਰਦਾ ਹੈ। ਕਿਤੇ ਸਰਕਾਰ ਦਾ ਟੈਕਸ ਛੁਪਾਉਂਦਾ ਹੈ, ਕਿਤੇ ਚੋਰ-ਬਜ਼ਾਰੀ ਕਰਦਾ ਹੈ, ਕਿਤੇ ਨਕਲੀ ਚੀਜਾਂ ਬਣਾਕੇ ਵਰਤਣ ਵਾਲਿਆਂ ਨੂੰ ਠੱਗਦਾ ਹੈ। ਵੇਖਣ ਵਿੱਚ ਆਇਆ ਹੈ ਕਿ ਕਈ ਲੋਭੀ ਮਨੁੱਖ ਬੈਂਕਾਂ ਤੋਂ ਕਰੋੜਾਂ ਰੁਪਏ ਦਾ ਕਰਜ਼ਾ ਲੈ ਕੇ ਵਿਦੇਸ਼ਾਂ ਨੂੰ ਚਲੇ ਜਾਂਦੇ ਹਨ ਅਤੇ ਦੇਸ਼ ਦੀ ਪਬਲਿਕ ਦਾ ਪੈਸਾ ਹੜੱਪ ਕਰ ਜਾਂਦੇ ਹਨ।

ਗੁਰਬਾਣੀ ਵਿੱਚ ਲੋਭੀ ਮਨੁੱਖ ਨੂੰ ਹਲਕਾਏ ਕੁੱਤੇ ਦੀ ਨਿਆਈਂ ਦੱਸਦੇ ਹੋਏ ਮਹਾਰਾਜ ਜੀ ਫੁਰਮਾਉਂਦੇ ਹਨ।

ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ ॥
ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ ॥ (ਅੰਗ-੫੦)

ਜਿਵੇਂ ਹਲਕਾਇਆ ਕੁੱਤਾ ਦੌੜਦਾ ਹੈ ਤੇ ਹਰ ਪਾਸੇ ਵੱਲ ਭੱਜਦਾ ਹੈ, ਤਿਵੇਂ ਲੋਭੀ ਜੀਵ ਨੂੰ ਵੀ ਕੁਝ ਨਹੀਂ ਸੁਝਦਾ, ਚੰਗੀ ਮੰਦੀ ਹਰੇਕ ਚੀਜ਼ ਖਾ ਲੈਂਦਾ ਹੈ। ਜਦੋਂ ਕੁੱਤਾ ਹਲਕ ਜਾਂਦਾ ਹੈ ਤਾਂ ਉਸ ਨੂੰ ਆਪਣੇ ਪਰਾਏ ਦਾ ਕੋਈ ਗਿਆਨ ਨਹੀਂ ਰਹਿੰਦਾ। ਉਸ ਦੇ ਸਾਹਮਣੇ ਜੋ ਵੀ ਆਉਂਦਾ ਹੈ ਉਸ ਨੂੰ ਵੱਢ ਖਾਂਦਾ ਹੈ । ਇਸੇ ਤਰ੍ਹਾਂ ਨਾਲ ਲੋਭ ਲਹਿਰ ਵਿੱਚ ਆਇਆ ਬੰਦਾ

ਧਨ ਹਾਸਲ ਕਰਨ ਦੀਆਂ ਹਰੇਕ ਕਿਸਮ ਦੀਆਂ ਵਾਸ਼ਨਾਵਾਂ ਦੇ ਵਿੱਚ ਹਰ ਸਮੇਂ ਘੁਮਿਆਰ ਦੇ ਚੱਕ ਵਾਂਗੂੰ ਘੁੰਮਦਾ ਰਹਿੰਦਾ ਹੈ ਅਤੇ ਅਨੇਕ ਕਿਸਮ ਦੀਆਂ ਵਿਉਂਤਾਂ, ਧਨ ਪ੍ਰਾਪਤੀ ਦੀਆਂ ਕਰਦਾ ਹੈ। ਉਸ ਸਮੇਂ ਉਸ ਦਾ ਜੋ ਅਚਾਰ ਵਿਹਾਰ ਹੁੰਦਾ ਹੈ ਉਸ ਤੋਂ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਇਸ ਪ੍ਰਾਣੀ ਦਾ ਕੋਈ ਵੀ ਅਸੂਲ ਨਹੀਂ ਰਿਹਾ। ਧਰਮ-ਇਮਾਨ ਸਭ ਛਿੱਕੇ ਤੇ ਟੰਗ ਦਿੰਦਾ ਹੈ। ਉਹ ਭੱਖ-ਅਭੱਖ ਖਾਵੇਗਾ, ਉਸ ਵੇਲੇ ਇਸ ਨੂੰ ਅਨੇਕ ਕਿਸਮ ਦੇ ਰੋਗ ਸਰੀਰ ਵਿੱਚ ਪੈਦਾ ਹੋਣਗੇ ।

ਲੋਭ ਲਹਰਿ ਸਭੁ ਸੁਆਨੁ ਹਲਕੁ ਹੈ ਹਲਕਿਓ ਸਭਹਿ ਬਿਗਾਰੇ ॥
ਮੇਰੇ ਠਾਕੁਰ ਕੈ ਦੀਬਾਨਿ ਖਬਰਿ ਹੋੁਈ ਗੁਰਿ ਗਿਆਨੁ ਖੜਗੁ ਲੈ ਮਾਰੇ॥(ਅੰਗ-੯੮੩)

ਲੋਭ ਦੀ ਲਹਿਰ ਨਿਰੋਲ ਹਲਕਾਇਆ ਕੁੱਤਾ ਹੀ ਹੈ। ਜਿਵੇਂ ਹਲਕਾਇਆ ਕੁੱਤਾ ਸਭਨਾਂ ਨੂੰ ਵੱਢ ਵੱਢ ਕੇ ਵਿਗਾੜਦਾ ਜਾਂਦਾ ਹੈ ਤਿਵੇਂ ਲੋਭੀ ਮਨੁੱਖ ਹੋਰਨਾਂ ਨੂੰ ਵੀ ਲੋਭ ਲਹਿਰ ਵਿੱਚ ਡੋਬ ਦਿੰਦਾ ਹੈ। ਇਸ ਲੋਭ ਤੋਂ ਬਚਣ ਲਈ ਜਿਹੜਾ ਮਨੁੱਖ ਗੁਰੂ ਦੀ ਸ਼ਰਨ ਵਿਚ ਪੈ ਕੇ ਪ੍ਰਭੂ-ਦਰ ਤੇ ਪੁਕਾਰ ਕਰਦਾ ਹੈ, ਤਦੋਂ ਪਰਮਾਤਮਾ ਦੀ ਹਜੂਰੀ ਵਿੱਚ ਉਸਦੀ ਅਰਜੋਈ ਦੀ ਖਬਰ ਪਹੁੰਚਦੀ ਹੈ। ਪਰਮਾਤਮਾ, ਗੁਰੂ ਦੇ ਰਾਹੀਂ ਆਤਮਿਕ ਜੀਵਨ ਦੀ ਗਿਆਨ ਰੂਪੀ ਤਲਵਾਰ ਬਖਸ਼ ਕੇ ਉਸ ਦੇ ਅੰਦਰੋਂ ਲੋਭ ਦਾ ਹਲਕਾਇਆ ਕੁੱਤਾ ਮਾਰ ਦੇਂਦਾ ਹੈ।

ਸਾਕਤ ਨਰ ਸਤਿਗੁਰੁ ਨਹੀ ਕੀਆ ਤੇ ਬੇਮੁਖ ਹਰਿ ਭਰਮਾਵੈਗੋ ॥
ਲੋਭ ਲਹਰਿ ਸੁਆਨ ਕੀ ਸੰਗਤਿ ਬਿਖੁ ਮਾਇਆ ਕਰੰਗਿ ਲਗਾਵੈਗੋ ॥(ਅੰਗ-੧੩੧੧)

ਪਰਮਾਤਮਾ ਨਾਲੋਂ ਟੁੱਟੇ ਹੋਏ ਮਨੁੱਖ, ਗੁਰੂ ਨੂੰ ਆਪਣਾ ਆਸਰਾ ਨਹੀਂ ਬਣਾਉਂਦੇ, ਉਹ ਗੁਰੂ ਵੱਲੋਂ ਮੂੰਹ ਭਵਾਈ ਰੱਖਦੇ ਹਨ, ਪ੍ਰਭੂ ਉਨ੍ਹਾਂ ਨੂੰ ਭਟਕਣਾ ਵਿੱਚ ਪਾਈ ਰੱਖਦਾ ਹੈ, ਉਨ੍ਹਾਂ ਦੇ ਅੰਦਰ ਲੋਭ ਦੀ ਲਹਿਰ ਚਲਦੀ ਰਹਿੰਦੀ ਹੈ। ਇਹ ਲਹਿਰ ਕੁੱਤੇ ਦੇ ਸੁਭਾਅ ਵਰਗੀ ਹੈ, ਜਿਵੇਂ ਕੁੱਤਾ ਮੁਰਦਾਰ ਨੂੰ ਖੁਸ਼ ਹੋ ਕੇ ਖਾਂਦਾ, ਤਿਵੇਂ ਲੋਭ ਲਹਿਰ ਦਾ ਪ੍ਰੇਰਿਆ ਹੋਇਆ ਮਨੁੱਖ ਆਤਮਿਕ ਮੌਤ ਲਿਆਉਣ ਵਾਲੀ ਮਾਇਆ ਰੂਪੀ ਜ਼ਹਿਰ ਨੂੰ ਚਿੰਬੜਿਆ ਰਹਿੰਦਾ ਹੈ।

ਸਾਕਤ ਸੁਆਨ ਕਹੀਅਹਿ ਬਹੁ ਲੋਭੀ ਬਹੁ ਦੁਰਮਤਿ ਮੈਲੁ ਭਰੀਜੈ ॥
ਆਪਨ ਸੁਆਇ ਕਰਹਿ ਬਹੁ ਬਾਤਾ ਤਿਨਾ ਕਾ ਵਿਸਾਹੁ ਕਿਆ ਕੀਜੈ ॥(ਅੰਗ-੧੩੨੬)

ਪਰਮਾਤਮਾ ਨਾਲੋਂ ਟੁੱਟੇ ਹੋਏ ਮਨੁੱਖ ਬਹੁਤ ਲੋਭੀ ਹੁੰਦੇ ਹਨ, ਕੁੱਤੇ ਦੇ ਸੁਭਾਅ ਵਾਲੇ ਕਹੇ ਜਾਂਦੇ ਹਨ, ਉਨ੍ਹਾਂ ਦੇ ਅੰਦਰ ਖੋਟੀ ਮੱਤ ਦੀ ਮੈਲ ਸਦਾ ਭਰੀ ਰਹਿੰਦੀ ਹੈ। ਲੋਭੀਆਂ ਦਾ ਇਤਬਾਰ ਕੀ ਕਰਨਾ ਹੋਇਆ ? ਉਨ੍ਹਾਂ ਦਾ ਜਦੋਂ ਹਿੱਤ ਹੁੰਦਾ ਹੈ, ਉਹ ਬਹੁਤ ਗੱਲਾਂ ਕਰਦੇ ਹਨ। ਉਨ੍ਹਾਂ ਦਾ ਮਨ ਖੋਟੀ ਮੱਤ ਦੀ ਮੈਲ ਨਾਲ ਭਰਿਆ ਹੁੰਦਾ ਹੈ। ਗੱਲਾਂ ਬਾਤਾਂ ਵਿੱਚ ਉਹ ਬਹੁਤ ਮਿੱਠੇ ਹੁੰਦੇ ਹਨ। ਇਸ ਤਰ੍ਹਾਂ ਲਗਦਾ ਹੈ ਕਿ ਇਨ੍ਹਾਂ ਵਰਗਾ ਕੋਈ ਚੰਗਾ ਬੰਦਾ ਤਾਂ ਹੋ ਹੀ ਨਹੀਂ ਸਕਦਾ। ਪਰ ਉਹ ਇਹ ਸਾਰਾ ਪਾਖੰਡ ਆਪਣੀ ਗਰਜ਼ ਪੂਰੀ ਕਰਨ ਲਈ ਦੂਸਰੇ

ਨੂੰ ਧੋਖਾ ਦੇਣ ਵਾਸਤੇ ਹੀ ਕਰਦੇ ਹਨ।

ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਨੇ ਲੋਭੀ ਮਨੁੱਖ ਬਾਰੇ ਖ਼ਬਰਦਾਰ ਕਰਦੇ ਹੋਏ ਫਰਮਾਨ ਕੀਤਾ ਹੈ :

ਲੋਭੀ ਕਾ ਵੇਸਾਹੁ ਨ ਕੀਜੈ ਜੇ ਕਾ ਪਾਰਿ ਵਸਾਇ ॥ ਅੰਤਿ ਕਾਲਿ ਤਿਥੈ ਧੁਹੈ ਜਿਥੈ ਹਥੁ ਨ ਪਾਇ ॥ ਮਨਮੁਖ ਸੇਤੀ ਸੰਗੁ ਕਰੇ ਮੁਹਿ ਕਾਲਖ ਦਾਗੁ ਲਗਾਇ ॥ ਮੁਹ ਕਾਲੇ ਤਿਨ੍ ਲੋਭੀਆਂ ਜਾਸਨਿ ਜਨਮੁ ਗਵਾਇ ॥ (ਅੰਗ-੧੪੧੭)

ਜਿੱਥੋਂ ਤੱਕ ਹੋ ਸਕੇ, ਕਿਸੇ ਲਾਲਚੀ ਮਨੁੱਖ ਦਾ ਇਤਬਾਰ ਨਹੀਂ ਕਰਨਾ ਚਾਹੀਦਾ, ਲਾਲਚੀ ਮਨੁੱਖ ਉਸ ਥਾਂ ਧੋਖਾ ਦੇ ਜਾਂਦਾ ਹੈ ਜਿਥੇ ਕੋਈ ਮਦਦ ਨਾ ਲੱਭ ਸਕੇ, ਜਿੱਥੇ ਆਦਮੀ ਦਾ ਹੱਥ ਕਿਤੇ ਵੀ ਨਾ ਪੈ ਸਕੇ। ਇਹ ਲੋਭੀ ਜੀਵ, ਪਿਆਰ ਪਾ ਕੇ ਮਾਰ ਵੀ ਦਿੰਦਾ ਹੈ, ਗੁੰਮ ਵੀ ਕਰ ਦਿੰਦਾ ਹੈ, ਕਈ ਕਿਸਮ ਦੀਆਂ ਦਵਾਈਆਂ ਖਵਾ ਕੇ ਪਾਗਲ ਵੀ ਬਣਾ ਦਿੰਦਾ ਹੈ, ਕਿਉਂਕਿ ਇਸ ਨੇ ਅਪਣਾ ਮਤਲਬ ਹੀ ਸਿੱਧ ਕਰਨਾ ਹੁੰਦਾ ਹੈ। ਆਪਣੇ ਮਨ ਦੇ ਪਿਛੇ ਤੁਰਨ ਵਾਲੇ ਮਨੁੱਖ ਨਾਲ ਜਿਹੜਾ ਮਨੁੱਖ ਸਾਥ ਬਣਾਈ ਰੱਖਦਾ ਹੈ, ਉਹ ਵੀ ਆਪਣੇ ਮੂੰਹ ਉੱਤੇ ਬਦਨਾਮੀ ਦੀ ਕਾਲਖ (ਦਾਗ) ਲਾਉਂਦਾ ਹੈ। ਉਨ੍ਹਾਂ ਲਾਲਚੀ ਮਨੁੱਖਾਂ ਦੇ ਮੂੰਹ ਬਦਨਾਮੀ ਦੇ ਕਾਲਖ ਨਾਲ ਕਾਲੇ ਹੋਏ ਰਹਿੰਦੇ ਹਨ, ਉਹ ਆਪਣਾ ਮਨੁੱਖਾ ਜਨਮ ਵਿਅਰਥ ਗੁਆ ਕੇ ਜਗਤ ਤੋਂ ਚਲੇ ਜਾਂਦੇ ਹਨ।

ਤ੍ਰੈ ਗੁਣ ਬਿਖਿਆ ਅੰਧੁ ਹੈ ਮਾਇਆ ਮੋਹ ਗੁਬਾਰ ॥
ਲੋਭੀ ਅਨ ਕਉ ਸੇਵਦੇ ਪੜਿ ਵੇਦਾ ਕਰੈ ਪੂਕਾਰ ॥
ਬਿਖਿਆ ਅੰਦਰਿ ਪਚਿ ਮੁਏ ਨਾ ਉਰਵਾਰੁ ਨ ਪਾਰੁ ॥੩॥ (ਅੰਗ-੩੦)

ਤ੍ਰਿਗੁਣੀ ਮਾਇਆ ਦੇ ਪ੍ਰਭਾਵ ਹੇਠ ਜਗਤ ਅੰਨ੍ਹਾ ਹੋ ਰਿਹਾ ਹੈ। ਮਾਇਆ ਦੇ ਮੋਹ ਦਾ ਹਨੇਰਾ ਚੁਫੇਰੇ ਪਸਰਿਆ ਹੋਇਆ ਹੈ। ਲੋਭ-ਗ੍ਰਸੇ ਜੀਵ ਉਂਞ ਤਾਂ ਧਾਰਮਿਕ ਪੁਸਤਕਾਂ ਨੂੰ ਪੜ੍ਹ-ਪੜ੍ਹ ਕੇ ਉਨ੍ਹਾਂ ਦੇ ਉਪਦੇਸ਼ਾਂ ਦਾ ਢੰਢੋਰਾ ਦਿੰਦੇ ਹਨ, ਪਰ ਆਪ ਹੀ, ਇਨ੍ਹਾਂ ਉਪਦੇਸ਼ਾਂ ਦੇ ਵਿਰੁੱਧ ਅੰਦਰੋਂ ਪ੍ਰਭੂ ਨੂੰ ਵਿਸਾਰ ਕੇ ਹੋਰ ਹੀ ਕੰਮ ਕਰਦੇ ਹਨ ਅਤੇ ਮਾਇਆ ਦੀ ਸੇਵਾ ਕਰਦੇ ਹਨ। ਮਾਇਆ ਦੇ ਮੋਹ ਵਿੱਚ ਖੁਆਰ ਹੋ ਹੋ ਕੇ ਆਤਮਿਕ ਮੌਤੇ ਮਰ ਜਾਂਦੇ ਹਨ। ਮਾਇਆ-ਮੋਹ ਦੇ ਘੁੱਪ ਹਨੇਰੇ ਵਿਚੋਂ ਉਨ੍ਹਾਂ ਨੂੰ ਉਰਲਾ-ਪਾਰਲਾ ਬੰਨਾ ਨਹੀਂ ਦਿਸਦਾ।

ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮ ਦਾਸ ਜੀ ਬਾਣੀ ਵਿੱਚ ਲੋਭ ਬਾਰੇ ਫਰਮਾਉਂਦੇ ਹਨ:

ਲੋਭ ਵਿਕਾਰ ਜਿਨਾ ਮਨੁ ਲਾਗਾ ਹਰਿ ਵਿਸਰਿਆ ਪੁਰਖੁ ਚੰਗੇਰਾ ॥
ਓਇ ਮਨਮੁਖ ਮੂੜ ਅਗਿਆਨੀ ਕਹੀਅਹਿ ਤਿਨ ਮਸਤਕਿ ਭਾਗੁ ਮੰਦੇਰਾ ॥੩॥
(ਅੰਗ-੭੧੧)

ਜਿਨ੍ਹਾਂ ਮਨੁੱਖਾਂ ਦਾ ਮਨ ਲੋਭ ਆਦਿਕ ਵਿਕਾਰਾਂ ਵਿੱਚ ਮਸਤ ਰਹਿੰਦਾ ਹੈ, ਉਨ੍ਹਾਂ ਨੂੰ ਅਕਾਲ ਪੁਰਖ ਭੁੱਲਿਆ ਰਹਿੰਦਾ ਹੈ। ਆਪਣੇ ਮਨ ਦੇ ਪਿਛੇ ਤੁਰਨ ਵਾਲੇ ਉਹ ਮਨੁੱਖ ਮੂਰਖ ਕਹੇ ਜਾਂਦੇ ਹਨ, ਆਤਮਿਕ ਜੀਵਨ ਵੱਲੋਂ ਬੇ-ਸਮਝ ਆਖੇ ਜਾਂਦੇ ਹਨ। ਉਨ੍ਹਾਂ ਦੇ ਮੱਥੇ ਉੱਤੇ ਮੰਦੀ ਕਿਸਮਤ ਉਘੜੀ ਹੋਈ ਸਮਝ ਲਵੋ।

ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ :

ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ ॥
ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ ॥੨॥ (ਅੰਗ-੮੭੬)

ਪਰਮਾਤਮਾ ਦੇ ਨਾਮ ਨੂੰ ਵਿਸਾਰ ਕੇ ਜੀਵ ਲੋਭ ਵਿੱਚ ਫਸ ਜਾਂਦਾ ਹੈ। ਜਦੋਂ ਮਾਇਆ ਮਿਲਦੀ ਹੈ, ਜੀਵ ਬੜਾ ਹੀ ਖੁਸ਼ ਹੁੰਦਾ ਹੈ, ਮਾਨੋ ਆਕਾਸ਼ ਵਿੱਚ ਜਾ ਚੜ੍ਹਦਾ ਹੈ, ਜਦੋਂ ਕਦੇ ਮਾਇਆ ਦੀ ਥੁੜ੍ਹ ਹੋ ਜਾਂਦੀ ਹੈ, ਤਾਂ ਬਹੁਤ ਡਾਵਾਂ ਡੋਲ ਹੋ ਜਾਂਦਾ ਹੈ, ਮਾਨੋ ਪਤਾਲ ਵਿੱਚ ਜਾ ਡਿੱਗਦਾ ਹੈ। ਲੋਭ-ਵੱਸ ਹੋਇਆ ਜੀਵ ਅਡੋਲ-ਚਿੱਤ ਨਹੀਂ ਰਹਿ ਸਕਦਾ, ਚੌਂਹੀ ਪਾਸੀਂ ਮਾਇਆ ਦੀ ਭਾਲ ਕਰਦਾ ਫਿਰਦਾ ਹੈ।

ਏਕੁ ਸੁਆਨੁ ਦੁਇ ਸੁਆਨੀ ਨਾਲਿ ॥ ਭਲਕੇ ਭਉਕਹਿ ਸਦਾ ਬਇਆਲਿ ॥
(ਅੰਗ-੨੪)

ਸ੍ਰੀ ਗੁਰੂ ਨਾਨਕ ਦੇਵ ਜੀ ਸਾਨੂੰ ਸਮਝਾਉਂਦੇ ਹਨ ਕਿ ਜੀਵ ਨਾਲ ਇੱਕ ਕੁੱਤਾ (ਲੋਭ) ਦੋ ਕੁੱਤੀਆਂ (ਆਸ਼ਾ, ਤ੍ਰਿਸ਼ਨਾ) ਹਨ ਜੋ ਨਿਤ ਸਵੇਰ ਤੋਂ ਹੀ ਭੌਂਕਣਾ ਸ਼ੁਰੂ ਕਰ ਦਿੰਦੀਆਂ ਹਨ।

ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ ॥
ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ॥ (ਅੰਗ-੪੬੮)

ਜਗਤ ਵਿੱਚ ਲੋਭੀ ਜੀਵਾਂ ਵਾਸਤੇ ਲੋਭ ਮਾਨੋ ਇੱਕ ਰਾਜਾ ਹੈ, ਪਾਪ ਵਜ਼ੀਰ ਹੈ ਅਤੇ ਝੂਠ ਚੌਧਰੀ ਹੈ। ਇਸ ਲੋਭ ਅਤੇ ਪਾਪ ਦੇ ਦਰਬਾਰ ਵਿੱਚ ਕਾਮ ਨਾਇਬ ਹੈ, ਇਸ ਨੂੰ ਸੱਦ ਕੇ ਸਲਾਹ ਪੁੱਛੀ ਜਾਂਦੀ ਹੈ, ਇਹੀ ਇਨ੍ਹਾਂ ਦਾ ਵੱਡਾ ਸਲਾਹਕਾਰ ਹੈ। ਭੈੜੇ ਬੰਦਿਆ ਨਾਲ ਕੀਤੀ ਸਲਾਹ ਨਾਲ ਫੈਸਲੇ ਵੀ ਭੈੜੇ ਹੀ ਹੁੰਦੇ ਹਨ।

ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤ ਕੂੜਾ ਨੇਹੁ ॥
ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ ॥੧੮॥ (ਅੰਗ-੧੩੭੮)

ਬਾਬਾ ਫਰੀਦ ਜੀ ਦਾ ਕਥਨ ਹੈ ਕਿ ਜੇ ਰੱਬ ਦੀ ਬੰਦਗੀ ਕਰਦਿਆਂ ਇਵਜ਼ਾਨੇ ਵਜੋਂ ਕੋਈ ਦੁਨੀਆ ਦਾ ਲਾਲਚ ਹੈ ਤਾਂ ਰੱਬ ਨਾਲ ਅਸਲ ਪਿਆਰ ਨਹੀਂ ਹੈ। ਜਦ ਤੱਕ ਲਾਲਚ ਹੈ, ਤਦ ਤੱਕ ਪਿਆਰ ਝੂਠਾ ਹੈ। ਟੁੱਟੇ ਹੋਏ ਛੱਪਰ ਉੱਤੇ ਮੀਂਹ ਪੈਂਦਿਆ ਕਦੋਂ ਤੱਕ ਸਮਾਂ

ਨਿਕਲ ਸਕੇਗਾ? ਭਾਵ, ਜਦੋਂ ਦੁਨੀਆਂ ਵਾਲੀ ਗਰਜ਼ ਪੂਰੀ ਨਾ ਹੋਈ, ਪਿਆਰ ਟੁੱਟ ਜਾਵੇਗਾ।

ਲੋਭ ਲਹਰਿ ਅਤਿ ਨੀਝਰ ਬਾਜੈ ॥ ਕਾਇਆ ਡੂਬੈ ਕੇਸਵਾ ॥੧॥
ਸੰਸਾਰੁ ਸਮੁੰਦੇ ਤਾਰਿ ਗੋੁਬਿੰਦੇ ॥ ਤਾਰਿ ਲੈ ਬਾਪ ਬੀਠੁਲਾ ॥੧॥ (ਅੰਗ-੧੧੯੬)

ਭਗਤ ਨਾਮਦੇਵ ਜੀ ਲੋਭ ਦੀ ਭਿਆਨਕ ਲਹਿਰ ਤੋਂ ਬਚਣ ਲਈ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਨ ਕਿ ਇਸ ਸੰਸਾਰ ਸਮੁੰਦਰ ਵਿੱਚ ਲੋਭ ਦੀਆਂ ਠਿੱਲ੍ਹਾਂ ਬੜੀਆਂ ਠਾਠਾਂ ਮਾਰ ਰਹੀਆਂ ਹਨ, ਮੇਰੀ ਜੀਵਨ ਰੂਪੀ ਬੇੜੀ ਇਸ ਝੱਖੜ ਵਿੱਚ ਫਸ ਗਈ ਹੈ। ਇਸ ਲਈ ਕ੍ਰਿਪਾ ਕਰਕੇ ਮੈਨੂੰ ਡੁਬਦੇ ਨੂੰ ਬਚਾਅ ਲਵੋ ਅਤੇ ਇਸ ਸੰਸਾਰ ਸਮੁੰਦਰ ਵਿਚੋਂ ਬਾਹਰ ਕੱਢ ਲਵੋ। ਗੁਰੂ ਮਹਾਰਾਜ ਸਮਝਾਉਂਦੇ ਹਨ :

ਲੋਭ ਵਿਕਾਰ ਨਾਵ ਡੁਬਦੀ ਨਿਕਲੀ ਜਾ ਸਤਿਗੁਰਿ ਨਾਮੁ ਦਿੜਾਏ ॥
ਜੀਅ ਦਾਨੁ ਗੁਰਿ ਪੂਰੈ ਦੀਆ ਰਾਮ ਨਾਮਿ ਚਿਤੁ ਲਾਏ ॥
ਆਪਿ ਕ੍ਰਿਪਾਲੁ ਕ੍ਰਿਪਾ ਕਰਿ ਦੇਵੈ ਨਾਨਕ ਗੁਰ ਸਰਣਾਏ ॥੨॥ (ਅੰਗ-੪੪੩)

ਜਦੋਂ ਕਿਸੇ ਵਡਭਾਗੀ ਦੇ ਹਿਰਦੇ ਵਿੱਚ ਗੁਰੂ ਨੇ ਪਰਮਾਤਮਾ ਦਾ ਨਾਮ ਪੱਕਾ ਕਰਕੇ ਵਸਾ ਦਿੱਤਾ, ਤਾਂ ਲੋਭ ਆਦਿਕ ਵਿਕਾਰਾਂ ਦੇ ਹੜ੍ਹ ਵਿੱਚ ਡੁੱਬ ਰਹੀ ਉਸ ਦੀ ਜ਼ਿੰਦਗੀ ਦੀ ਬੇੜੀ (ਕਿਸ਼ਤੀ) ਬਾਹਰ ਨਿਕਲ ਆਉਂਦੀ ਹੈ। ਜਿਸ ਮਨੁੱਖ ਨੂੰ ਪੂਰੇ ਗੁਰੂ ਨੇ ਆਤਮਿਕ ਜੀਵਨ ਦੀ ਦਾਤ ਬਖਸ਼ੀ, ਉਸ ਨੇ ਆਪਣਾ ਚਿੱਤ ਪਰਮਾਤਮਾ ਦੇ ਨਾਮ ਨਾਲ ਜੋੜ ਲਿਆ। ਇਸ ਲਈ ਸਾਨੂੰ ਪ੍ਰਮਾਤਮਾ ਦਾ ਨਾਮ ਜਪਣਾ ਚਾਹੀਦਾ ਹੈ ਜਿਸ ਦੀ ਕ੍ਰਿਪਾ ਨਾਲ ਇਸ ਲੋਭ ਲਹਿਰ ਤੋਂ ਬਚ ਸਕਦੇ ਹਾਂ। ਸ੍ਰੀ ਗੁਰੂ ਅਰਜਨ ਦੇਵ ਜੀ ਲੋਭ ਦੇ ਸੰਬੰਧ ਵਿੱਚ ਫਰਮਾਉਂਦੇ ਹਨ :

ਹੇ ਲੋਭਾ ਲੰਪਟ ਸੰਗ ਸਿਰਮੋਰਹ ਅਨਿਕ ਲਹਰੀ ਕਲੋਲਤੇ ॥ ਧਾਵੰਤ ਜੀਆ ਬਹੁ ਪ੍ਰਕਾਰੰ ਅਨਿਕ ਭਾਂਤਿ ਬਹੁ ਡੋਲਤੇ ॥ ਨਚ ਮਿਤ੍ਰੰ ਨਚ ਇਸਟੰ ਨਚ ਬਾਧਵ ਨਚ ਮਾਤ ਪਿਤਾ ਤਵ ਲਜਯਾ ॥ ਅਕਰਣੰ ਕਰੋਤਿ ਅਖਾਦ੍ਯਿ ਖਾਦ੍ਯੰ ਅਸਾਜ੍ਯੰ ਸਾਜਿ ਸਮਜਯਾ ॥ ਤ੍ਰਾਹਿ ਤ੍ਰਾਹਿ ਸਰਣਿ ਸੁਆਮੀ ਬਿਗ੍ਯਾਪ੍ਤਿ ਨਾਨਕ ਹਰਿ ਨਰਹਰਹ ॥
(ਅੰਗ-੧੩੮੫)

ਸ਼੍ਰੋਮਣੀ ਪੁਰਖ ਵੀ ਲੋਭ ਦੀ ਸੰਗਤ ਵਿੱਚ ਰਹਿ ਕੇ ਵਿਕਾਰਾਂ ਵਿੱਚ ਡੁੱਬ ਜਾਂਦੇ ਹਨ ਅਤੇ ਇਸ ਦੇ ਅਸਰ ਹੇਠ ਸ਼ਰਮ-ਹਯਾ ਛੱਡ ਕੇ ਅਯੋਗ ਕਰਤੂਤਾਂ ਕਰਨ ਲੱਗ ਪੈਂਦੇ ਹਨ। ਇਸ ਦੇ ਵਸ ਵਿੱਚ ਆਏ ਹੋਏ ਜੀਵ ਕਈ ਤਰ੍ਹਾਂ ਭਟਕਦੇ ਫਿਰਦੇ ਹਨ ਅਤੇ ਅਨੇਕਾਂ ਤਰੀਕਿਆਂ ਨਾਲ ਡੋਲਦੇ ਹਨ। ਇਸ ਅਸਰ ਹੇਠ ਰਹਿਣ ਕਰਕੇ ਉਨ੍ਹਾਂ ਨੂੰ ਨਾ ਕਿਸੇ ਮਿਤ੍ਰ ਦੀ, ਨਾ ਕਿਸੇ ਗੁਰ-ਪੀਰ ਦੀ, ਨਾ ਸੰਬੰਧੀਆਂ ਦੀ ਅਤੇ ਨਾ ਹੀ ਮਾਂ-ਪਿਓ ਦੀ ਕੋਈ ਸ਼ਰਮ

ਰਹਿੰਦੀ ਹੈ। ਉਹ ਸਮਾਜ ਵਿੱਚ ਖੁਲ੍ਹੇ ਤੌਰ ਤੇ ਭੈੜੇ ਕੰਮ ਕਰਦੇ ਹਨ, ਜੋ ਨਹੀਂ ਕਰਨੇ ਚਾਹੀਦੇ। ਅਜਿਹੀਆਂ ਵਸਤੂਆਂ ਖਾਂਦੇ ਹਨ ਜੋ ਨਹੀਂ ਖਾਣੀਆਂ ਚਾਹੀਦੀਆਂ। ਉਨ੍ਹਾਂ ਨੂੰ ਅਜਿਹੇ ਭੈੜੇ ਕੰਮਾਂ ਤੋਂ ਤੋਬਾ ਕਰਕੇ ਪਰਮਾਤਮਾ ਦੇ ਦਰ ਤੇ ਅਰਦਾਸ ਕਰਨੀ ਚਾਹੀਦੀ ਹੈ ਕਿ ਹੇ ਪ੍ਰਭੂ ਮੈ ਤੇਰੀ ਸ਼ਰਨ ਵਿੱਚ ਆਇਆ ਹਾਂ, ਮੈਨੂੰ ਇਸ ਲੋਭ-ਲਹਿਰ ਤੋਂ ਬਚਾ ਲਓ।

ਰੇ ਮਨ ਲੋਭੀ ਸੁਣਿ ਮਨ ਮੇਰੇ ॥ ਸਤਿਗੁਰੁ ਸੇਵਿ ਦਿਨੁ ਰਾਤਿ ਸਦੇਰੇ ॥
ਬਿਨੁ ਸਤਿਗੁਰ ਪਚਿ ਮੂਏ ਸਾਕਤ ਨਿਗੁਰੇ ਗਲਿ ਜਮ ਫਾਸਾ ਹੇ ॥ (ਅੰਗ-੧੦੭੩)

ਸਤਿਗੁਰੂ ਜੀ ਲੋਭੀ ਮਨ ਨੂੰ ਸਮਝਾਉਂਦੇ ਹਨ ਕਿ ਤੂੰ ਦਿਨ ਰਾਤ ਸਦਾ ਹੀ ਗੁਰੂ ਦੀ ਸ਼ਰਨ ਪਿਆ ਰਹੁ। ਗੁਰੂ ਦੀ ਸ਼ਰਨ ਤੋਂ ਬਿਨਾਂ ਸਾਕਤ ਨਿਗੁਰੇ ਮਨੁੱਖ ਵਿਕਾਰਾਂ ਦੀ ਅੱਗ ਵਿੱਚ ਸੜ ਕੇ ਆਤਮਿਕ ਮੌਤ ਸਹੇੜਦੇ ਹਨ ਅਤੇ ਉਨ੍ਹਾਂ ਦੇ ਗਲ ਵਿੱਚ ਜਮਰਾਜ ਦਾ ਫਾਹਾ ਪੈਣਾ ਹੈ, ਉਹ ਇਸੇ ਤਰ੍ਹਾਂ ਲੋਭ ਦੀ ਅੱਗ ਵਿੱਚ ਸੜਦੇ-ਮਰਦੇ ਰਹਿਣਗੇ।

ਕੂੜਾ ਲਾਲਚੁ ਛੋਡੀਐ ਤਉ ਸਾਚੁ ਪਛਾਣੈ ॥ ਗੁਰ ਕੈ ਸਬਦਿ ਸਮਾਈਐ ਪਰਮਾਰਥੁ ਜਾਣੈ ॥੨॥ ਇਹੁ ਮਨੁ ਰਾਜਾ ਲੋਭੀਆ ਲੁਭਤਉ ਲੋਭਾਈ ॥ ਗੁਰਮੁਖਿ ਲੋਭੁ ਨਿਵਾਰੀਐ ਹਰਿ ਸਿਉ ਬਣਿ ਆਈ ॥੩॥ ਕਲਰਿ ਖੇਤੀ ਬੀਜੀਐ ਕਿਉ ਲਾਹਾ ਪਾਵੈ ॥ ਮਨਮੁਖੁ ਸਚਿ ਨ ਭੀਜਈ ਕੂੜੁ ਕੂੜਿ ਗਡਾਵੈ ॥੪॥ ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ ॥ ਸਾਚੌ ਸਾਹਿਬੁ ਮਨਿ ਵਸੈ ਹਉਮੈ ਬਿਖੁ ਮਾਰੀ ॥੫॥
(ਅੰਗ-੪੧੯)

ਮਨੁੱਖ, ਮਾਇਆ ਦਾ ਭੈੜਾ ਲਾਲਚ ਛੱਡ ਕੇ ਹੀ ਸੱਚ (ਪ੍ਰਮਾਤਮਾ) ਦੀ ਪਛਾਣ ਕਰ ਸਕਦਾ ਹੈ ਅਤੇ ਸਦਾ ਥਿਰ ਪ੍ਰਭੂ ਨਾਲ ਸਾਂਝ ਪਾ ਲੈਂਦਾ ਹੈ। ਗੁਰੂ ਦੇ ਸ਼ਬਦ ਦੇ ਰਾਹੀਂ ਹੀ ਪ੍ਰਮਾਤਮਾ ਦੇ ਨਾਮ ਵਿੱਚ ਲੀਨ ਹੋ ਸਕੀਦਾ ਹੈ ਅਤੇ ਉੱਚੇ ਮਨੋਰਥ ਦੀ ਸਮਝ ਪੈਂਦੀ ਹੈ। ਜੇ ਕੱਲਰ (ਬੰਜਰ) ਜ਼ਮੀਨ ਵਿੱਚ ਖੇਤੀ ਬੀਜੀ ਜਾਏ ਤਾਂ ਬੀਜਣ ਵਾਲਾ ਲਾਭ ਨਹੀਂ ਖੱਟ ਸਕਦਾ। ਆਪਣੇ ਮਨ ਦੇ ਪਿਛੇ ਤੁਰਨ ਵਾਲਾ ਮਨੁੱਖ ਸਦਾ-ਥਿਰ ਪ੍ਰਭੂ ਵਿੱਚ ਰਚ-ਮਿਚ ਨਹੀਂ ਸਕਦਾ, ਉਹ ਝੂਠ, ਝੂਠ ਵਿੱਚ ਹੀ ਰਲਦਾ ਜਾਂਦਾ ਹੈ। ਹੇ ਮਾਇਆ-ਮੋਹ ਵਿੱਚ ਅੰਨ੍ਹੇ ਹੋਏ ਜੀਵੋ ! ਮਾਇਆ ਦਾ ਲਾਲਚ ਛੱਡ ਦੇਵੋ। ਲਾਲਚ ਵਿੱਚ ਫਸਿਆਂ, ਭਾਰੀ ਦੁੱਖ ਸਹਿਣਾ ਪੈਂਦਾ ਹੈ। ਜਿਸ ਮਨੁੱਖ ਦੇ ਮਨ ਵਿੱਚ ਲਾਲਚ ਦੀ ਬਜਾਏ ਸਦਾ ਥਿਰ ਮਾਲਕ ਦਾ ਵਾਸਾ ਹੋ ਜਾਂਦਾ ਹੈ ਅਤੇ ਉਹ ਹਉਮੈ ਦੀ ਜ਼ਹਿਰ ਨੂੰ ਮਾਰ ਲੈਂਦਾ ਹੈ।

ਲੋਭੀ ਬਾਰੇ ਭਾਈ ਗੁਰਦਾਸ ਜੀ ਵੀ ਲਿਖਦੇ ਹਨ 'ਕੁੱਤਾ ਰਾਜ ਬਹਾਲੀਐ ਫਿਰ ਚੱਕੀ ਚੱਟੈ' ਭਾਵ ਕੁੱਤੇ ਨੂੰ ਭਾਵੇਂ ਰਾਜ ਭਾਗ ਉੱਤੇ ਬਿਠਾ ਕੇ ਵਧੀਆ ਵਧੀਆ ਖਾਣੇ ਪਰੋਸੋ ਫਿਰ ਵੀ ਉਹ ਰਹਿੰਦ-ਖੂੰਹਦ/ਗੰਦ-ਮੰਦ ਤੇ ਮੂੰਹ ਮਾਰੇਗਾ। ਭਾਈ ਬਲਵੰਡਿ ਤੇ ਸੱਤਾ ਜੀ ਨੇ ਲਿਖਿਆ ਹੈ 'ਲਬੁ ਵਿਣਾਹੇ ਮਾਣਸਾ ਜਿਉ ਪਾਣੀ ਬੂਰੁ ॥' (ਅੰਗ ੯੬੬) ਜਿਵੇਂ ਪਾਣੀ ਨੂੰ

ਬੂਰ ਖਰਾਬ ਕਰਦਾ ਹੈ ਤਿਵੇਂ ਪ੍ਰਾਣੀਆਂ ਨੂੰ ਲੋਭ ਤਬਾਹ ਕਰ ਦਿੰਦਾ ਹੈ।

ਸਾਨੂੰ ਇਸ ਵਿਚਾਰ ਤੋਂ ਇਹ ਸਿੱਖਿਆ ਮਿਲਦੀ ਹੈ ਕਿ ਲੋਭ-ਲਾਲਚ ਦੀ ਬੁਰਾਈ ਤੋਂ ਬਚਣਾ ਚਾਹੀਦਾ ਹੈ ਕਿਉਂਕਿ ਇਸ ਕਾਰਨ ਅਸੀਂ ਮਨੁੱਖਾ ਜਨਮ ਦੇ ਮੁੱਖ ਮਨੋਰਥ ਗੋਬਿੰਦ ਨੂੰ ਮਿਲਣ ਦੀ ਵਾਰੀ ਤੋਂ ਖੁੰਝ ਜਾਂਦੇ ਹਾਂ। ਅਸੀਂ ਹਰ ਰੋਜ਼ ਰਹਿਰਾਸ ਸਾਹਿਬ ਦਾ ਪਾਠ ਕਰਦੇ ਹੋਏ ਗੁਰਬਾਣੀ ਦਾ ਉਪਦੇਸ਼ ਦ੍ਰਿੜ ਕਰੀਏ ਕਿ 'ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥' (ਅੰਗ-੧੨) ਅਸੀਂ ਝੂਠੇ ਲੋਭ/ਲਾਲਚ ਵਿੱਚ ਪੈ ਕੇ ਕਿਤੇ ਆਪਣੀ ਵਾਰੀ ਤੋਂ ਖੁੰਝ ਨਾ ਜਾਈਏ। ਇਸ ਲਈ ਗੁਰਬਾਣੀ ਸਾਨੂੰ ਬਾਰ ਬਾਰ ਸੁਚੇਤ ਕਰਦੀ ਹੈ ਕਿ ਇਸ ਬੁਰਾਈ ਤੋਂ ਬਚ ਕੇ ਰਹਿਣਾ ਹੈ, ਧਰਮ ਦੀ ਕਿਰਤ ਕਰਨੀ ਚਾਹੀਦੀ ਹੈ ਅਤੇ ਨਾਮ ਜਪਣਾ ਹੈ। ਜਿਵੇਂ ਭਾਈ ਗੁਰਦਾਸ ਜੀ ਨੇ ਵੀ ਲਿਖਿਆ ਹੈ ਕਿ 'ਕਿਰਤਿ ਵਿਰਤਿ ਕਰਿ ਧਰਮ ਦੀ ਖਟਿ ਖਵਾਲਣੁ ਕਾਰਿ ਕਰੇਹੀ।'

ਗੁਰੂ ਕ੍ਰਿਪਾ ਨਾਲ ਹੀ ਅਸੀਂ ਲੋਭ ਆਦਿਕ ਵਿਕਾਰਾਂ ਤੋਂ ਬਚ ਸਕਦੇ ਹਾਂ। ਸੋ ਗੁਰੂ ਅੱਗੇ ਅਰਦਾਸ ਕਰੀਏ ਕਿ ਹੇ ਗੁਰੂ ਜੀ ! ਮੈ ਤੇਰੀ ਸ਼ਰਨ ਵਿੱਚ ਆਇਆ ਹਾਂ ਮੇਰੇ ਤੇ ਮਿਹਰ ਕਰੋ, ਮੇਰਾ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦੂਰ ਹੋ ਜਾਏ :

ਕਾਮ ਕ੍ਰੋਧ ਅਰੁ ਲੋਭ ਮੋਹ ਬਿਨਸਿ ਜਾਇ ਅਹੰਮੇਵ ॥<br>
ਨਾਨਕ ਪ੍ਰਭ ਸਰਣਾਗਤੀ ਕਰਿ ਪ੍ਰਸਾਦੁ ਗੁਰਦੇਵ ॥੧॥ (ਅੰਗ-੨੮੯)

ਵਾਹਿਗੁਰੂ ! ਵਾਹਿਗੁਰੂ !! ਵਾਹਿਗੁਰੂ !!!

---

ਸੰਸਥਾ 'ਗੁਰਬਾਣੀ ਇਸੁ ਜਗ ਮਹਿ ਚਾਨਣੁ'

ਭਵਨ ਨੰ.6, ਫੇਜ 3-ਏ, ਐਸ.ਏ.ਐਸ.ਨਗਰ (ਮੋਹਾਲੀ) ਵਿਖੇ,

## ਮਹੀਨਾ ਵਾਰੀ ਗੁਰਮਤਿ ਸਮਾਗਮ

## ਦੂਜਾ ਸਨੀਵਾਰ 12 ਅਗਸਤ 2023 ਨੂੰ

10.00 ਤੋਂ 01.00 ਵਜੇ ਦੁਪਹਿਰ ਤਕ

ਸ਼ਬਦ-ਕੀਰਤਨ ਅਤੇ ਸ਼ਬਦ-ਵੀਚਾਰ ਹੋਵੇਗੀ।

ਸਤਿਸੰਗ ਵਿੱਚ ਦਰਸ਼ਨ ਦੇ ਕੇ ਲਾਭ ਉਠਾਓ ਜੀ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ।

# ਚੌਂਕੀਆਂ ਝੰਡੇ ਬੁੰਗੇ ਜੁਗੋ ਜੁਗ ਅਟੱਲ

ਡਾ.ਗੁਰਬਚਨ ਸਿੰਘ, ਮੋ : ੯੮੭੮੧-੪੯੫੧੧

ਗੁਰਬਾਣੀ ਦਾ ਫੁਰਮਾਨ ਹੈ :

ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ ॥ (ਅੰਗ-੯੫੧)

ਆਪਣੇ ਬਜੁਰਗਾਂ ਜਾਂ ਵਿਰਸੇ ਦੀਆਂ ਕਹਾਣੀਆਂ ਨੂੰ ਉਨ੍ਹਾਂ ਦੇ ਵਾਰਸ ਯਾਦ ਕਰਦੇ ਹਨ। ਅਸੀਂ ਇਹ ਵੀ ਆਮ ਹੀ ਸੁਣਦੇ ਹਾਂ ਕਿ ਜੋ ਕੌਮਾਂ ਆਪਣੇ ਇਤਿਹਾਸ ਨੂੰ ਭੁੱਲ ਜਾਂਦੀਆਂ ਹਨ ਉਹ ਜਿੰਦਾ ਨਹੀਂ ਰਹਿ ਸਕਦੀਆਂ। ਪੁਰਾਤਨ ਵਿਦਵਾਨ ਗੁਰਸਿੱਖਾਂ ਨੇ ਵਿਰਸੇ ਦੀ ਯਾਦ ਤਾਜਾ ਕਰਨ ਅਤੇ ਉਸ ਤੋਂ ਸੇਧ ਲੈਣ ਲਈ ਅਰਦਾਸ ਵਿੱਚ ਅੰਕਿਤ ਕੀਤਾ ਹੈ ਜਿਨ੍ਹਾਂ ਨੇ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ ਤੇਗ ਵਾਹੀ ਦੇਖ ਕੇ ਅਣਡਿੱਠ ਕੀਤਾ, ਚੌਂਕੀਆਂ, ਝੰਡੇ, ਬੁੰਗੇ ਜੁੱਗੋ ਜੁੱਗ ਅਟੱਲ ਆਦਿ। ਇਹ ਸਭ ਕੁਝ ਆਪਣੇ ਵਿਰਸੇ, ਇਤਿਹਾਸ ਨੂੰ ਯਾਦ ਕਰਨ ਲਈ ਹੀ ਤਾਂ ਗੁਰਸਿੱਖ ਸਵੇਰੇ ਸ਼ਾਮ ਦੀ ਅਰਦਾਸ ਵਿੱਚ ਚਿਤਾਰ ਕੇ ਧਿਆਨ ਵਿੱਚ ਲਿਆਉਂਦਾ ਹੈ। ਇਸ ਤੋਂ ਸਾਨੂੰ ਆਪਣੇ ਇਤਿਹਾਸ ਨੂੰ ਜਾਨਣ ਦੀ ਲੋੜ ਅਤੇ ਮਹਤੱਤਾ ਬਾਰੇ ਅਹਿਸਾਸ ਹੋਣਾ ਚਾਹੀਦਾ ਹੈ। ਇਸ ਲੇਖ ਵਿੱਚ ਚੌਂਕੀਆਂ, ਝੰਡੇ, ਬੁੰਗਿਆ ਬਾਰੇ ਵਿਚਾਰ ਕਰਨ ਦਾ ਜਤਨ ਕਰ ਰਹੇ ਹਾਂ।

## ਚੌਂਕੀਆਂ/ਚਉਕੀਆਂ

ਚੌਂਕੀ, ਸਬਦ ਦਾ ਅਰਥ ਹੈ ਚਾਰ ਪਾਵਿਆਂ ਵਾਲਾ ਲੱਕੜ ਦਾ ਆਸਣ। ਪਰ ਸਿੱਖ ਧਰਮ ਵਿੱਚ ਚਉਕੀ ਦਾ ਸੰਬੰਧ ਚਾਰ ਰਾਗੀਆਂ ਦੇ ਜੱਥੇ ਨਾਲ ਜੁੜਿਆ ਹੋਇਆ ਹੈ। ਅਜ ਕਲ੍ਹ ਰਾਗੀ ਜੱਥੇ ਵਿੱਚ ਆਮ ਕਰਕੇ ਤਿੰਨ ਮੈਂਬਰ ਹੀ ਹੁੰਦੇ ਹਨ ਪਰ ਪੁਰਾਤਨ ਸਮੇਂ ਵਿੱਚ ਇਹ ਗਿਣਤੀ ਚਾਰ ਹੁੰਦੀ ਸੀ। ਇੱਕ ਹੋਰ ਪ੍ਰਥਾ ਵੀ ਚਾਲੂ ਸੀ ਤੇ ਅੱਜ ਵੀ ਹੈ ਜਿਸ ਵਿੱਚ ਸ਼ਬਦੀ ਜੱਥੇ ਦੇ ਪ੍ਰੇਮੀ ਦੋ ਹਿੱਸਿਆਂ ਵਿੱਚ ਵੰਡ ਹੋ ਕੇ ਜੋਟੀਆਂ ਬਣਾਕੇ ਬਿਨ੍ਹਾਂ ਸਾਜਾਂ ਤੋਂ ਸ਼ਬਦ ਪੜ੍ਹਦੇ ਸਨ। ਅੱਜ ਕਲ੍ਹ ਵੀ ਦਰਬਾਰ ਸਾਹਿਬ ਦੀ ਪਰਕਰਮਾਂ ਕਰਦੇ ਹੋਏ ਪ੍ਰੇਮੀ ਜੋਟੀਆਂ ਦੇ ਸ਼ਬਦ ਪੜ੍ਹਦੇ ਦਿਖਾਈ ਦਿੰਦੇ ਹਨ। ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿੱਚ ਲਿਖਿਆ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਵਿੱਚ ਚਾਰ ਚੌਂਕੀਆਂ ਗੁਰੂ ਕਾਲ ਤੋਂ ਹੀ ਪ੍ਰਚਲਤ ਹਨ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦੀ ਚੌਂਕੀ, ਸਵਾ ਪਹਿਰ ਦਿਨ ਚੜ੍ਹੇ ਚਰਨ ਕਮਲ ਦੀ ਚੌਂਕੀ, ਸਾਮ ਨੂੰ ਰਹਿਰਾਸ ਸਾਹਿਬ ਦੇ ਪਾਠ ਤੋਂ ਪਹਿਲਾਂ ਸੋਦਰ ਦੀ ਚੌਂਕੀ ਅਤੇ ਚਾਰ ਘੜੀਆਂ ਰਾਤ ਬਤੀਤ ਹੋਣ ਸਮੇਂ ਕਲਯਾਣ ਦੀ ਚੌਂਕੀ। ਡਾ.ਭਾਈ ਵੀਰ ਸਿੰਘ ਜੀ ਨੇ ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ ਦੀ ਰਾਸ ੪ ਅੰਸੂ ੩ ਦੇ ਅੰਕ ੩੫ ਉਪਰ ਨਿਸਾਨ ਦੇ ਕੇ ਪੈਰ ਟੂਕ

ਵਿੱਚ ਗਿਆਰਾਂ ਚੌਂਕੀਆਂ ਤੇ ਉਨ੍ਹਾਂ ਦਾ ਗਾਇਨ ਸਮਾਂ (ਚੇਤਰ ਮਹੀਨੇ ਵਿੱਚ) ਲਿਖਿਆ ਹੈ। ਇਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

੧. ਤ੍ਰਿਪਹਰੇ ਦੀ ਚੌਂਕੀ ੨.੩੦ ਤੋਂ ੩.੩੦ ਵਜੇ ਤਕ (ਅੰਮ੍ਰਿਤ ਵੇਲੇ)

੨. ਆਸਾ ਦੀ ਵਾਰ ਦੀ ਚੌਂਕੀ ੩.੩੦ ਤੋਂ ੬.੪੫ ਤਕ

੩. ਬਿਲਾਵਲ ਦੀ ਪਹਿਲੀ ਚੌਂਕੀ ੬.੪੫ ਤੋਂ ੮.੪੦ ਤਕ

੪. ਬਿਲਾਵਲ ਦੀ ਦੂਜੀ ਚੌਂਕੀ ੮.੪੦ ਤੋਂ ੧੦.੨੦ ਤਕ

੫. ਅਨੰਦ ਦੀ ਚੌਂਕੀ ੧੦.੨੦ ਤੋਂ ੧੨.੦੦ ਤਕ। ਇਸ ਸਮੇਂ ਕੜਾਹ ਪ੍ਰਸਾਦ ਦੀ ਦੇਗ ਹਾਜਰ ਕੀਤੀ ਜਾਂਦੀ ਹੈ ਅਤੇ ਠੀਕ ਬਾਰਾਂ ਵਜੇ ਅਨੰਦ ਸਾਹਿਬ ਦੀਆਂ ਛੇ ਪੌੜੀਆਂ ਦਾ ਗਾਇਨ ਕਰਕੇ ਭੋਗ ਪਾਇਆ ਜਾਂਦਾ ਹੈ। ਅਰਦਾਸੀਏ ਵਲੋਂ ਸ਼ਬਦ ਚੌਂਕੀ ਅਨੰਦ ਸਾਹਿਬ ਜੀ ਦੀ ਅਰਦਾਸ ਕਰਕੇ ਕੜਾਹ ਪ੍ਰਸ਼ਾਦ ਵਰਤਾਇਆ ਜਾਂਦਾ ਹੈ।

੬. ਸਾਰੰਗ ਦੀ ਚੌਂਕੀ ੧੨.੦੦ ਤੋਂ ੧.੫੦ ਤਕ

੭. ਚਰਨ ਕਮਲ ਦੀ ਚੌਂਕੀ ੧.੫੦ ਤੋਂ ੩.੩੦ ਤਕ। ਠੀਕ ਤਿੰਨ ਵਜੇ, 'ਚਰਨ ਕਮਲ ਪ੍ਰਭ ਕੇ ਨਿਤ ਧਿਆਵਉ', ਗਗਨ ਮੈ ਥਾਲ ....... ਇਨ੍ਹਾਂ ਸ਼ਬਦਾਂ ਦਾ ਗਾਇਨ ਕੀਤਾ ਜਾਂਦਾ ਹੈ। ਇਥੇ ਸ਼ਬਦ ਵਿੱਚ 'ਚਰਨ ਕਮਲ' ਪਦ ਆਉਣ ਕਰਕੇ ਇਸ ਚੌਂਕੀ ਦੀ ਸੰਗਿਆ ਚਰਨ ਕਮਲ ਦੀ ਚੌਂਕੀ ਹੈ। 'ਗਗਨ ਮੈਂ ਥਾਲ' ਸ਼ਬਦ ਅੰਗ ੧੩ ਵਾਲਾ ਪੜ੍ਹਿਆ ਜਾਂਦਾ ਹੈ। ਇਸ ਸਮੇਂ ਚੌਥੀ ਅਰਦਾਸ ਹੁੰਦੀ ਹੈ ਜਿਸ ਦੇ ਅਖੀਰ ਵਿੱਚ ਸਬਦ ਚੌਂਕੀ ਚਰਨ ਕਮਲ ਦੀ ਅਰਦਾਸ ਦੇ ਸ਼ਬਦ ਕਹੇ ਜਾਂਦੇ ਹਨ। ਇਸ ਤੋਂ ਬਾਅਦ ਚਰਨ ਕਮਲ ਦੀ ਚੌਂਕੀ ਜਾਰੀ ਰਹਿੰਦੀ ਹੈ।

੮. ਜੈਤਸਰੀ ਦੀ ਚੌਂਕੀ ੩.੩੦ ਤੋਂ ੫.੧੫ ਤਕ। ਇਸ ਚੌਂਕੀ ਦਾ ਸਿਆਲ ਦੀ ਰੁੱਤੇ ਇੱਕ ਤੇ ਗਰਮੀ ਦੇ ਮੌਸਮ ਵਿੱਚ ਦੋ ਰਾਗੀ ਜੱਥੇ ਕੀਰਤਨ ਕਰਦੇ ਹਨ।

੯. ਸੋਦਰ ਦੀ ਚੌਂਕੀ ੫.੧੫ ਤੋਂ ੭.੦੦ ਤਕ। ਇਸ ਚੌਂਕੀ ਦੀ ਸਮਾਪਤੀ ਦੇ ਆਸਾ ਰਾਗ ਵਿੱਚ ਦਰਜ ਗੁਰੂ ਰਾਮਦਾਸ ਜੀ ਦਾ ਸ਼ਬਦ 'ਹਰਿ ਜੁਗ ਜੁਗ ਭਗਤ ਉਪਾਇਆ' ਅੰਗ ੪੫੧ ਅਤੇ 'ਦੂਖ ਦਾਰੂ ਸੁਖੁ ਰੋਗ ਭਇਆ' ਆਸਾ ਦੀ ਵਾਰ ਦਾ ਬਾਰਵਾਂ ਸਲੋਕ ਅਤੇ 'ਸੋ ਦਰੁ ਤੇਰਾ ਕੇਹਾ' ਅੰਗ ੮ ਵਾਲੇ ਸ਼ਬਦ ਗਾਇਨ ਕਰਨ ਤੋਂ ਬਾਅਦ ਰਹਿਰਾਸ ਸਾਹਿਬ ਦਾ ਪਾਠ ਸ਼ੁਰੂ ਹੁੰਦਾ ਹੈ। ਇਸ ਪਾਠ ਦੀ ਸਮਾਪਤੀ ਤੇ ਫਿਰ ਪੰਜਵੀ ਅਰਦਾਸ ਹੁੰਦੀ ਹੈ ਫਿਰ ਹੁਕਮ ਨਾਮਾ ਲਿਆ ਜਾਂਦਾ ਹੈ।

੧੦. ਕਲਯਾਣ ਦੀ ਚੌਂਕੀ ੭.੩੦ ਤੋਂ ੯.੧੫ ਤਕ। ਇਸ ਦੀ ਅਰੰਭਤਾ ਸਮੇਂ ਆਰਤੀ ਦੇ ਸ਼ਬਦ : ਗਗਨ ਮੈਂ ਥਾਲ, ਅੰਗ ੬੬੩, ਨਾਮ ਤੇਰੋ ਆਰਤੀ, ਅੰਗ ੬੯੪, ਧੂਪ ਦੀਪ ਘ੍ਰਿਤ, ਅੰਗ ੬੯੫, ਸੁੰਨ ਸੰਧਿਆ, ਅੰਗ ੧੩੫੦, ਗੋਪਾਲ ਤੇਰਾ ਆਰਤਾ, ਅੰਗ ੬੯੫ ਅਤੇ ਸ੍ਰੀ ਦਸਮ ਗ੍ਰੰਥ ਦੀ ਬਾਣੀ : 'ਪਾਂਇ ਗਹੇ ਜਬ ਤੇ ਤੁਮਰੇ' ਸਵੈਯਾ ਅਤੇ 'ਸਗਲ ਦੁਆਰ ਕਉ ਛਾਡ ਕੈ' ਦੋਹਰੇ ਦਾ ਗਾਇਨ ਕੀਤਾ ਜਾਂਦਾ ਹੈ। ਉਪਰੰਤ ਕੇਵਲ ਅਰਦਾਸੀਆ ਸਿੰਘ ਜੀ ਹੀ ਖੜੋ ਕੇ ਸ਼ਬਦ ਚੌਂਕੀ ਆਰਤੀ ਜੀ ਦੀ ਅਰਦਾਸ ਕਰਦਾ ਹੈ, ਬਾਕੀ ਸੰਗਤ ਬੈਠੀ ਰਹਿੰਦੀ ਹੈ। ਫਿਰ ਗਉੜੀ ਮਹਲਾ ੫ 'ਥਿਰ ਘਰ ਬੈਸਹੁ ਹਰਿ ਜਨ ਪਿਆਰੇ' ਵਾਲਾ ਸ਼ਬਦ ਪੜ੍ਹਕੇ ਕਲਯਾਣ ਦੀ ਚੌਂਕੀ ਜਾਰੀ ਰਹਿੰਦੀ ਹੈ।

੧੧. ਕੀਰਤਨ ਸੋਹਿਲੇ ਦੀ ਚੌਂਕੀ ੯.੧੫ ਤੋਂ ੧੦.੧੫ ਤੱਕ। ਇਹ ਕੀਰਤਨ ਦੀ ਅਖੀਰਲੀ ਚੌਂਕੀ ਹੁੰਦੀ ਹੈ। ਇਸ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਜੀ ਦੇ ਸੁਖ ਆਸਣ ਦੀ ਸੇਵਾ ਹੁੰਦੀ ਹੈ।

ਉਪਰੋਕਤ ਚੌਂਕੀਆਂ ਤਾਂ ਹਰਿਮੰਦਰ ਸਾਹਿਬ ਦੇ ਅੰਦਰ ਹੀ ਹੁੰਦੀਆਂ ਹਨ। ਇਨ੍ਹਾਂ ਤੋਂ ਬਿਨ੍ਹਾਂ ਕੁਝ ਹੋਰ ਚੌਂਕੀਆਂ ਜਿਨ੍ਹਾਂ ਵਿੱਚ ਪ੍ਰੇਮੀ ਜਨ ਅੰਮ੍ਰਿਤ ਸਰੋਵਰ ਤੇ ਸ੍ਰੀ ਹਰਿਮੰਦਰ ਸਾਹਿਬ ਦੀਆਂ ਪ੍ਰਕਰਮਾ ਕਰਦੇ ਹੋਏ ਜੋਟੀਆਂ ਦੇ ਸ਼ਬਦ ਪੜ੍ਹਦੇ ਹਨ ਵੀ ਪ੍ਰਚਲਤ ਹਨ ਜਿਵੇਂ ਕਿ ਪਹਿਲੀ ਚੌਂਕੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਕਿਲ੍ਹਾ ਗੁਆਲੀਅਰ ਵਿੱਚ ਨਜ਼ਰਬੰਦ ਹੋਣ ਤੇ ਸਤਿਗੁਰਾਂ ਦੀ ਯਾਦ ਵਿੱਚ ਬਾਬਾ ਬੁੱਢਾ ਜੀ ਨੇ ਆਰੰਭ ਕੀਤੀ ਸੀ। ਇਹ ਸਭ ਤੋਂ ਪੁਰਾਤਨ ਅਤੇ ਇਤਿਹਾਸਕ ਚੌਂਕੀ ਹੈ। ਸੰਗਤ ਵਿੱਚ ਇਸ ਦੀ ਬਹੁਤ ਸ਼ਰਧਾ ਹੈ। ਸ਼ਾਮ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੇ ਰਹਿਰਾਸ ਸਾਹਿਬ ਦੇ ਪਾਠ ਦਾ ਭੋਗ ਪੈਣ ਤੇ ਇਹ ਚੌਂਕੀ ਭਰਨ ਵਾਲੇ ਪ੍ਰੇਮੀ ਅਕਾਲ ਤਖਤ ਦੇ ਸਾਹਮਣੇ ਆ ਹਾਜ਼ਰ ਹੁੰਦੇ ਹਨ। ਸ੍ਰੀ ਅਕਾਲ ਤਖਤ ਸਾਹਿਬ ਦੇ ਗ੍ਰੰਥੀ ਇਨ੍ਹਾਂ ਸਿੰਘਾਂ ਨੂੰ ਬਾਬਾ ਬੁੱਢਾ ਸਾਹਿਬ ਜੀ ਦੀ ਸ੍ਰੀ ਸਾਹਿਬ ਤੇ ਇੱਕ ਨਿਸ਼ਾਨ ਸਾਹਿਬ ਬਖਸ਼ਸ਼ ਕਰਦੇ ਹਨ। ਇੱਕ ਸਿੰਘ ਅਰਦਾਸ ਕਰਦਾ ਹੈ ਉਪਰੰਤ ਗੁਰਬਾਣੀ ਦਾ ਸ਼ਬਦ ਗਾਉਣ ਨਾਲ ਚੌਂਕੀ ਦਾ ਆਰੰਭ ਹੋ ਜਾਂਦਾ ਹੈ। ਇੱਕ ਮਸਾਲਚੀ ਰੋਸ਼ਨੀ ਹਿੱਤ ਚੌਂਕੀ ਦੇ ਅੱਗੇ ਅਤੇ ਦੂਜਾ ਪਿੱਛੇ ਚਲਦਾ ਹੈ। ਇੱਕ ਚੋਬਦਾਰ ਚੌਂਕੀ ਦੇ ਅੱਗੇ ਚਲਦਾ ਹੈ ਜੋ ਪ੍ਰਕਰਮਾਂ ਵਿੱਚ ਸੁੱਤੇ ਪਏ, ਲੰਮੇ ਪਏ, ਬੈਠੇ ਜਾਂ ਖੜ੍ਹੇ ਗਲਾਂ ਕਰਦੇ ਯਾਤਰੂਆਂ ਨੂੰ ਸਾਵਧਾਨ ਕਰਦਾ ਜਾਂਦਾ ਹੈ। ਪ੍ਰਕਰਮਾਂ ਕਰਨ ਵੇਲੇ ਹਰਿਮੰਦਰ ਸਾਹਿਬ ਸਜੇ ਹੱਥ ਹੁੰਦਾ ਹੈ। ਇਸ ਤਰ੍ਹਾਂ ਪ੍ਰੇਮ ਨਾਲ ਸ਼ਬਦ ਪੜ੍ਹਦਿਆਂ ਸ੍ਰੀ ਅੰਮ੍ਰਿਤ ਸਰੋਵਰ ਦੀ ਸਾਰੀ ਪ੍ਰਕਰਮਾਂ ਕਰਕੇ ਦਰਸ਼ਨੀ ਡਿਉਢੀ ਰਾਹੀਂ ਸਰੋਵਰ ਦੇ ਪੁਲ ਉਪਰ ਦੀ ਇਹ ਸੰਗਤ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਦਰਵਾਜੇ ਦੇ ਨੇੜੇ ਪੁੱਜਦੀ ਹੈ ਤਾਂ ਹਰਿਮੰਦਰ ਸਾਹਿਬ ਅੰਦਰ ਹੋ ਰਿਹਾ ਕੀਰਤਨ

ਬੰਦ ਹੋ ਜਾਂਦਾ ਹੈ, ਪਰ ਅੰਦਰਲੀ ਸੰਗਤ ਬੈਠੀ ਰਹਿੰਦੀ ਹੈ। ਚੌਂਕੀ, ਸ਼ਬਦ ਪੜ੍ਹਦੀ ਸਹਿਜੇ ਸਹਿਜੇ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਕਰਕੇ ਪਹਿਲੇ ਦਰਵਾਜੇ ਅਗੇ ਖੜੋ ਜਾਂਦੀ ਹੈ। ਚੌਂਕੀ ਦਾ ਅਰਦਾਸੀਆਂ ਸਿੰਘ ਅਰਦਾਸ ਕਰਕੇ ਸ਼ਬਦ ਚੌਂਕੀ ਦਾ ਭੋਗ ਪਾ ਦਿੰਦਾ ਹੈ। ਉਸ ਸਮੇਂ ਹਰਿਮੰਦਰ ਸਾਹਿਬ ਅੰਦਰ ਕਲਯਾਣ ਦੀ ਚੌਂਕੀ ਦੁਬਾਰਾ ਸ਼ੁਰੂ ਹੋ ਜਾਂਦੀ ਹੈ। ਚੌਂਕੀ ਵਾਲੇ ਪ੍ਰੇਮੀ ਜੋ ਪਤਾਸੇ, ਬਰਫੀ ਜਾਂ ਕੜਾਹ ਪ੍ਰਸ਼ਾਦ ਲਿਆਏ ਹੁੰਦੇ ਹਨ ਸੰਗਤ ਵਿੱਚ ਬਾਹਰ ਹੀ ਵਰਤਾ ਦਿੰਦੇ ਹਨ। ਇਸ ਤੋਂ ਬਾਅਦ ਚੌਂਕੀ ਦੀ ਸੰਗਤ ਸ੍ਰੀ ਅਕਾਲ ਤਖਤ ਸਾਹਿਬ ਤੇ ਜਾ ਕੇ ਸ੍ਰੀ ਸਾਹਿਬ, ਨਿਸ਼ਾਨ ਸਾਹਿਬ ਵਾਪਸ ਕਰ ਦਿੰਦੇ ਹਨ। ਇਸ ਚੌਂਕੀ ਵਿੱਚ ਕੁਝ ਗਿਣੇ-ਮਿਥੇ ਸ਼ਬਦ ਹੀ ਪੜ੍ਹੇ ਜਾਂਦੇ ਹਨ। ਇਨ੍ਹਾਂ ਸ਼ਬਦਾਂ ਦੇ ਵੱਖਰੇ ਗੁਟਕੇ ਵੀ ਚੌਂਕੀ ਵਲੋਂ ਛਪਵਾਏ ਮਿਲਦੇ ਹਨ। ਸ਼ਰਧਾਲੂ ਇਸ ਚੌਂਕੀ ਵਿੱਚ ਸ਼ਾਮਲ ਹੋ ਕੇ ਸੁੱਖਣਾ ਸੁੱਖਦੇ ਹਨ ਤੇ ਮੰਨਣਾ ਹੈ ਕਿ ਹਾਜਰੀ ਭਰਨ ਵਾਲਿਆਂ ਦੀਆਂ ਮਨੋਕਾਮਨਾਵਾਂ ਪੂਰੀਆਂ ਹੋ ਜਾਂਦੀਆਂ ਹਨ।

ਇਸ ਚੌਂਕੀ ਤੋਂ ਪ੍ਰਭਾਵਤ ਹੋ ਕੇ ਪ੍ਰੇਮੀਆਂ ਨੇ ਹੋਰ ਸਮਿਆਂ ਤੇ ਕੁਝ ਚੌਂਕੀਆਂ ਆਰੰਭ ਕਰ ਲਈਆਂ ਹਨ। ਭਾਈ ਘਨੱਯਾ ਸਿੰਘ ਅਡਣਸ਼ਾਹੀ ਨੇ ੧੯੩੦ ਈ. ਵਿੱਚ ਚੌਂਕੀ ਆਰੰਭ ਕੀਤੀ ਜੋ ਕਿ ਹੁਣ ਦੋ ਚੌਂਕੀਆਂ ਦੇ ਰੂਪ ਵਿੱਚ, ਚੌਂਕੀ ਮਹੰਤ ਸੋਭਾ ਸਿੰਘ ਜੀ ਅਤੇ ਚੌਂਕੀ ਮਹੰਤ ਦੀਨਾ ਨਾਥ ਜੀ ਜਾਰੀ ਹੈ। ਇਹ ਦੋਵੇਂ ਚੌਂਕੀਆਂ ਬਾਬਾ ਬੁੱਢਾ ਸਾਹਿਬ ਜੀ ਦੀ ਚੌਂਕੀ ਤੋਂ ਅੱਗੜ-ਪਿੱਛੜ ਚੜ੍ਹਦੀਆਂ ਹਨ। ਚੌਥੀ ਚੌਂਕੀ, ਸਵੇਰੇ ਅੰਮ੍ਰਿਤ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਦੇ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਪੁੱਜਣ ਤੋਂ ਬਾਅਦ ਸ਼ੁਰੂ ਹੁੰਦੀ ਹੈ। ਇਹ ਚੌਂਕੀ ੧੯੦੫ ਵਿੱਚ ਆਰੰਭ ਹੋਈ ਸੀ। ਪੰਜਵੀਂ ਚੌਂਕੀ ਮਹੰਤ ਸੰਤ ਸਿੰਘ ਕਲੀ ਵਾਲਿਆਂ ਨੇ ੧੯੧੦ ਈ. ਵਿੱਚ ਆਰੰਭ ਕੀਤੀ। ਇਹ ਚੌਂਕੀ ਆਸਾ ਦੀ ਵਾਰ ਦੇ ਭੋਗ, ਅਰਦਾਸ ਤੇ ਮਹਾਂਵਾਕ ਹੋਣ ਉਪਰੰਤ ਚੜ੍ਹਦੀ ਹੈ।

ਇਨ੍ਹਾਂ ਚੌਂਕੀਆਂ ਤੋਂ ਇਲਾਵਾ ਹਰ ਮੱਸਿਆ ਤੋਂ ਇੱਕ ਦਿਨ ਪਹਿਲਾਂ ਰਾਤ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਚੌਂਕੀ ਆਰੰਭ ਹੋ ਕੇ ਪੈਦਲ ਚਲਦਿਆਂ ਸ਼ਬਦ ਪੜ੍ਹਦਿਆਂ ਅੰਮ੍ਰਿਤ ਵੇਲੇ ਮਹਾਂਵਾਕ ਹੋਣ ਤੋਂ ਪਹਿਲਾਂ ਸ੍ਰੀ ਦਰਬਾਰ ਸਾਹਿਬ ਤਰਨਤਾਰਨ ਸਾਹਿਬ ਪੁੱਜਦੀ ਹੈ। ਇਸੇ ਤਰ੍ਹਾਂ ਇੱਕ ਚੌਂਕੀ ਪੁੰਨਿਆ ਦੇ ਪਹਿਲੇ ਦਿਨ ਰਾਤ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਆਰੰਭ ਹੋ ਕੇ ਅੰਮ੍ਰਿਤ ਵੇਲੇ ਸ੍ਰੀ ਗੋਇੰਦਵਾਲ ਸਾਹਿਬ ਪੁੱਜਦੀ ਹੈ। ਕੁਝ ਚੌਂਕੀਆਂ ਖਾਸ ਪੁਰਬਾਂ, ਸਾਲਾਨਾ ਜੋੜ ਮੇਲਿਆਂ ਸਮੇਂ ਸ੍ਰੀ ਅਕਾਲ ਤਖਤ ਤੋਂ ਆਰੰਭ ਹੋ ਕੇ ਛੇਹਰਟਾ ਸਾਹਿਬ, ਵੇਰਕੇ, ਵੱਲੇ, ਝਬਾਲ, ਬੀੜ ਬਾਬਾ ਬੁੱਢਾ ਸਾਹਿਬ, ਗੁਰਦੁਆਰਾ ਸੰਨ੍ਹ ਸਾਹਿਬ ਬਾਸਰਕੇ ਅਤੇ ਗੁਰੂ ਕੀ ਵਡਾਲੀ ਸਾਹਿਬ ਆਦਿ ਸਥਾਨਾਂ ਨੂੰ ਸਾਲ ਵਿੱਚ ਇੱਕ ਇੱਕ ਵਾਰ ਚੜ੍ਹਦੀਆਂ ਹਨ, ਇਨ੍ਹਾਂ ਚੌਂਕੀਆਂ ਨੂੰ ਯਾਤਰਾ ਚੌਂਕੀਆਂ ਕਹਿੰਦੇ ਹਨ।

# ਝੰਡਾ/ਨਿਸ਼ਾਨ ਸਾਹਿਬ

ਮਹਾਨ ਕੋਸ਼ ਅਨੁਸਾਰ 'ਝੰਡਾ' ਸ਼ਬਦ ਦੇ ਅਰਥ ਹਨ, ਨਿਸ਼ਾਨ, ਧੁਜਾ, ਗੁਰਦੁਆਰੇ ਦਾ ਨਿਸ਼ਾਨ, ਅਕਾਲੀ ਧੁਜਾ, ਸਤਿਗੁਰੂ ਦਾ ਨਿਸ਼ਾਨ। ਆਮ ਤੌਰ ਤੇ ਝੰਡਾ ਸਾਹਿਬ ਦਾ ਨਾਮ ਨਿਸ਼ਾਨ ਸਾਹਿਬ ਪ੍ਰਚੱਲਤ ਹੈ। ਨਿਸ਼ਾਨ ਸ਼ਬਦ, ਫਾਰਸੀ ਭਾਸ਼ਾ ਦਾ ਹੈ ਇਸ ਦਾ ਅਰਥ ਹੈ ਝੰਡਾ, ਧ੍ਵਜ ਅਤੇ ਸਾਹਿਬ, ਅਰਬੀ ਭਾਸ਼ਾ ਦਾ ਸਨਮਾਨ ਹਿਤ ਸ਼ਬਦ ਹੈ। ਇਸ ਤਰ੍ਹਾਂ ਨਿਸ਼ਾਨ ਸਾਹਿਬ ਜਾਂ ਝੰਡਾ ਉਹ ਧ੍ਵਜ ਹੈ ਜੋ ਗੁਰਦੁਆਰਿਆਂ, ਧਰਮ ਸਾਲਾਵਾਂ ਤੇ ਸਥਾਪਿਤ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਜਲੂਸਾਂ, ਨਗਰ ਕੀਰਤਨਾਂ, ਗੁਰੂ ਗ੍ਰੰਥ ਸਾਹਿਬ ਦੀ ਅਸਵਾਰੀ ਜਾਂ ਸਿੱਖ ਫੌਜ ਦੇ ਅੱਗੇ ਵੀ ਨਿਸ਼ਾਨ ਸਾਹਿਬ ਲੈ ਕੇ ਚਲੱਣ ਦੀ ਪ੍ਰੰਪਰਾ ਹੈ। ਨਿਸ਼ਾਨ ਸਾਹਿਬ ਨੂੰ ਦੂਰੋਂ ਵੇਖ ਕੇ ਹੀ ਪਤਾ ਲੱਗ ਜਾਂਦਾ ਹੈ ਕਿ ਇਹ ਗੁਰਦੁਆਰਾ ਹੈ। ਸਿੱਖ ਜਗਤ ਵਿੱਚ ਨਿਸ਼ਾਨ ਸਾਹਿਬ ਲਹਿਰਾਉਣ ਦੀ ਪ੍ਰੰਪਰਾ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਪ੍ਰਾਰੰਭ ਕੀਤੀ ਜਦੋਂ ਕਿ ਅਕਾਲ ਬੁੰਗੇ ਅਕਾਲ ਤਖਤ ਦੀ ਸਥਾਪਨਾ ਕਰਕੇ ਨਿਸ਼ਾਨ ਸਾਹਿਬ ਝੁਲਾਇਆ ਗਿਆ ਸੀ। ਪਹਿਲਾਂ ਸ਼ੁਰੂ ਵਿੱਚ ਬਾਂਸ ਦੀ ਲੱਕੜ ਦਾ ਝੰਡਾ ਖੜਾ ਕੀਤਾ ਗਿਆ ਸੀ। ਸੰਨ ੧੭੮੩ ਈ. ਵਿੱਚ ਉਦਾਸੀ ਮਹੰਤ ਪ੍ਰੀਤਮ ਦਾਸ ਅਤੇ ਮਹੰਤ ਸੰਤੋਖ ਦਾਸ ਨੇ ਦੇਹਰਾਦੂਨ ਤੋਂ ਸਾਲ ਬ੍ਰਿਛ ਦਾ ਇੱਕ ਲੰਬਾ ਮੋਟਾ ਮੁੱਢ ਲਿਆਂਦਾ ਅਤੇ ਅਕਾਲ ਤਖਤ ਸਾਹਿਬ ਦੇ ਨੇੜਲੇ ਬੁੰਗੇ ਦੇ ਸਾਹਮਣੇ ਗੱਡ ਦਿੱਤਾ। ਉਸ ਉੱਤੇ ਚੋਲ੍ਹਾ ਚੜ੍ਹਾ ਕੇ ਨਿਸ਼ਾਨ ਸਾਹਿਬ ਲਹਿਰਾ ਦਿੱਤਾ। ਉਸ ਬੁੰਗੇ ਦਾ ਨਾਮ ਵੀ ਝੰਡਾ ਬੁੰਗਾ ਪ੍ਰਚਲੱਤ ਹੋ ਗਿਆ। ਫੇਰ ਸੰਨ ੧੯੨੦ ਵਿੱਚ ਸ.ਦੇਸਾ ਸਿੰਘ ਮਜੀਠੀਆ ਜੋ ਕਿ ਮਹਾਰਾਜਾ ਰਣਜੀਤ ਸਿੰਘ ਵਲੋਂ ਦਰਬਾਰ ਸਾਹਿਬ ਦੇ ਪ੍ਰਬੰਧਕ ਨਿਯੁਕਤ ਕੀਤੇ ਹੋਏ ਸਨ ਨੇ ਲੋਹੇ ਦਾ ਖੰਭਾ ਬਣਵਾ ਕੇ ਖੜਾ ਕੀਤਾ। ਇਸ ਉੱਤੇ ਸੋਨੇ ਨਾਲ ਮੜ੍ਹਿਆ ਤਾਂਬੇ ਦਾ ਪਤਰਾ ਚਾੜ੍ਹਿਆ ਗਿਆ। ਪਹਿਲਾ ਨਿਸਾਨ ਸਾਲ ਦੇ ਬ੍ਰਿਛ ਵਾਲਾ ਉਖਾੜ ਕੇ ਸਰੋਵਰ ਦੇ ਜਲ ਵਿੱਚ ਪੁਲ ਕੋਲ ਰੱਖ ਦਿੱਤਾ।

ਇਸ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਜੀ ਨੇ ਵੀ ਨਿਸ਼ਾਨ ਸਾਹਿਬ ਲਈ ਖੰਭਾ ਭੇਜਿਆ ਜੋ ਨਿਸ਼ਾਨ ੧੯੪੧ ਈ. ਤਕ ਰਾਮਗੜ੍ਹੀਆ ਬੁੰਗੇ ਵਿੱਚ ਪਿਆ ਰਿਹਾ। ਫਿਰ ਜਦੋਂ ਹਨੇਰੀ ਨਾਲ ਪਹਿਲੇ ਨਿਸ਼ਾਨ ਸਾਹਿਬ ਦਾ ਨੁਕਸਾਨ ਹੋ ਗਿਆ ਤਾਂ ਇਹ ਨਿਸ਼ਾਨ ਬੁੰਗੇ ਵਿਚੋਂ ਲਿਆ ਕੇ ਸਥਾਪਿਤ ਕੀਤਾ ਗਿਆ। ਸੰਨ ੧੯੪੧ ਵਿੱਚ ਦੇਸਾ ਸਿੰਘ ਮਜੀਠੀਏ ਦੇ ਪੁੱਤਰ ਲਹਿਣਾ ਸਿੰਘ ਨੇ ਪਹਿਲੇ ਖਰਾਬ ਹੋਏ ਨਿਸ਼ਾਨ ਸਾਹਿਬ ਦੀ ਮੁਰੰਮਤ ਕਰਾ ਕੇ ਦੂਜਾ ਨਿਸ਼ਾਨ ਸਾਹਿਬ ਵੀ ਲਹਿਰਾ ਦਿੱਤਾ। ਇਸ ਤਰ੍ਹਾਂ ਦੋ ਨਿਸ਼ਾਨ ਸਾਹਿਬ ਝੁਲਾਉਣ ਦਾ ਰਿਵਾਜ ਚਲਿਆ ਆ ਰਿਹਾ ਹੈ। ਅਜੋਕੇ ਕੁਝ ਵਿਦਵਾਨ ਚਿੰਤਕਾਂ ਦਾ ਵੀਚਾਰ ਹੈ ਕਿ ਇੱਕ ਨਿਸ਼ਾਨ ਸਾਹਿਬ ਪੀਰੀ ਦਾ ਅਤੇ ਦੂਜਾ ਮੀਰੀ ਦਾ ਹੈ, ਪੀਰੀ ਦਾ ਨਿਸ਼ਾਨ ਹਰਿਮੰਦਰ

ਸਾਹਿਬ ਵਾਲੇ ਪਾਸੇ ੧੦੭ ਫੁੱਟ ਉੱਚਾ ਅਤੇ ਮੀਰੀ ਦਾ ਨਿਸਾਨ ਅਕਾਲ ਤਖਤ ਸਾਹਿਬ ਵਾਲੇ ਪਾਸੇ ੧੦੫ ਫੁਟ ਉੱਚਾ ਹੈ। ਮੀਰੀ ਦਾ ਨਿਸ਼ਾਨ ਪੀਰੀ ਦੇ ਝੰਡੇ ਤੋਂ ੨ ਫੁੱਟ ਨੀਵਾ ਹੋਣਾ, ਇਸ ਗੱਲ ਦਾ ਪ੍ਰਤੀਕ ਹੈ ਕਿ ਮੀਰੀ, ਪੀਰੀ ਦੀ ਤਾਬਿਆ ਹੇਠ ਹੈ। ਇਨ੍ਹਾਂ ਝੰਡਿਆਂ ਦੀ ਟੀਸੀ ਤੇ ਸੁਨਹਿਰੀ ਭਾਲੇ ਹਨ। ਝੰਡਿਆਂ ਦੇ ਚੋਲ੍ਹੇ ਬਸੰਤੀ ਰੰਗ ਦੇ ਹਨ ਅਤੇ ਦੋਹਾਂ ਦੇ ਤ੍ਰੈ-ਕੋਨੇ ਫਰਹਰਿਆਂ ਉਪਰ ਚੱਕਰ ਦੇ ਵਿਚਕਾਰ ਖੰਡਾ ਅਤੇ ਚੱਕਰ ਦੇ ਬਾਹਰੀ ਪਾਸਿਆਂ ਤੇ ਦੋ ਕ੍ਰਿਪਾਨਾਂ ਦੇ ਨਿਸ਼ਾਨ ਹਨ। ਦੋ ਕ੍ਰਿਪਾਨਾਂ ਮੀਰੀ ਤੇ ਪੀਰੀ ਦੇ ਸਿਧਾਂਤ ਨੂੰ ਦਰਸਾਉਂਦੀਆਂ ਹਨ, ਦੋ ਧਾਰੀ ਖੰਡਾ ਮੀਰੀ ਤੇ ਪੀਰੀ ਦੇ ਸੁਮੇਲ ਨੂੰ ਪ੍ਰਗਟ ਕਰਦਾ ਹੈ। ਇਹ ਤਿੰਨੇ ਇੱਕ ਚਕੱਰ ਵਿੱਚ ਬੱਧੇ ਹੋਏ ਅਕਾਲ ਪੁਰਖ ਦੀ ਬੇਅੰਤਤਾ ਨੂੰ ਦਰਸਾਉਂਦੇ ਹਨ।

ਸੰਨ ੧੯੨੩ ਵਿੱਚ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਖੁਲੀ ਕਰਨ ਸਮੇਂ ਇਨ੍ਹਾਂ ਨਿਸ਼ਾਨ ਸਾਹਿਬਾਂ ਨੂੰ ਕੁਝ ਕੁ ਮੀਟਰ ਪਿਛੇ ਹਟਾ ਕੇ ਸਥਾਪਿਤ ਕੀਤਾ ਗਿਆ। ਪੁਰਾਣੇ ਨਿਸ਼ਾਨ ਸਾਹਿਬ ਝੰਡੇ ਬੁੰਗੇ ਦੀ ਡਿਓਢੀ ਤੋਂ ਦੂਰ ਸਨ ਇਸ ਲਈ ਡਿਉਢੀ ਦੇ ਨੇੜੇ ਕਰਨ ਵਾਸਤੇ ਨਵੇਂ ਟੋਏ ਪੁੱਟਣ ਦੀ ਰਸਮ ਪੰਜਾ ਪਿਆਰਿਆ ਨੇ ਪੰਜ-ਪੰਜ ਟੱਕ ਲਾ ਕੇ ਆਰੰਭ ਕੀਤੀ। ਪੰਜਾਂ ਪਿਆਰਿਆਂ ਵਿੱਚ ਇਹ ਗੁਰਸਿੱਖ ਸਨ :

ਸਿੰਘ ਸਾਹਿਬ ਗਿਆਨੀ ਭੁਪਿੰਦਰ ਸਿੰਘ, ਮੁੱਖ ਗ੍ਰੰਥੀ ਸ੍ਰੀ ਦਰਬਾਰ ਸਾਹਿਬ
ਸਿੰਘ ਸਾਹਿਬ ਗਿਆਨੀ ਅੱਛਰ ਸਿੰਘ ਜਥੇਦਾਰ ਅਕਾਲ ਤਖਤ ਸਾਹਿਬ
ਸਿੰਘ ਸਾਹਿਬ ਗਿਆਨੀ ਚੇਤ ਸਿੰਘ, ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ
ਸਿੰਘ ਸਾਹਿਬ ਗਿਆਨੀ ਕ੍ਰਿਪਾਨ ਸਿੰਘ, ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ
ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ, ਮੁੱਖੀ ਦਮਦਮੀ ਟਕਸਾਲ।

ਇਹ ਨਿਸ਼ਾਨ ਸਾਹਿਬ ਜੋ ਲੋਹੇ ਦੇ ਸਨ ਉਨ੍ਹਾਂ ਉਪਰ ਤਾਂਬੇ ਦੇ ਖੋਲ ਅਤੇ ਤਾਂਬੇ ਉਪਰ ੬-੬ ਵਰਕ ਸੋਨੇ ਦੇ ਚੜ੍ਹਾਏ ਗਏ। ਖੰਭਿਆ ਵਿਚਕਾਰ ਮੋਟਾ ਗੋਲ ਸੁਰਾਖ ਰਕਿਆ ਗਿਆ ਜਿਸ ਵਿਚੋਂ ਬਿਜਲੀ ਦੀਆਂ ਤਾਰਾਂ ਉਪਰ ਤਕ ਲੈ ਜਾ ਕੇ ਬਿਜਲੀ ਦੇ ਬਲਬ ਜਗਾਏ ਗਏ।

ਇਨ੍ਹਾਂ ਦੋ ਨਿਸ਼ਾਨ ਸਾਹਿਬਾਂ ਤੋਂ ਇਲਾਵਾ ਸ੍ਰੀ ਅਕਾਲ ਤਖਤ ਸਾਹਿਬ ਦੀ ਤੀਸਰੀ ਮੰਜਲ ਤੇ ਵੀ ਇੱਕ ਛੋਟਾ ਨਿਸ਼ਾਨ ਸਾਹਿਬ ਲਹਿਰਾਉਂਦਾ ਹੈ। ਸ੍ਰੀ ਹਰਿਮੰਦਰ ਸਾਹਿਬ ਦੀ ਤੀਜੀ ਮੰਜਲ ਤੇ ਵੀ ਇੱਕ ਨਿਸ਼ਾਨ ਸਾਹਿਬ ਸੁਭਾਇਮਾਨ ਹੈ।

**ਬੁੰਗਿਆਂ ਬਾਰੇ ਚਰਚਾ ਅਗਲੇ ਮਹੀਨੇ ਦੇ ਅੰਕ ਵਿੱਚ ਕਰਾਂਗੇ।**

# ਮੀਰੀ ਅਤੇ ਪੀਰੀ

ਸਮੇਂ ਨਾਲ ਜੋ ਬਦਲ ਇਨਸਾਨ ਜਾਵੇ, ਉਹੀ ਸਮੇਂ ਦੇ ਅੰਤ ਨੂੰ ਪਾ ਸਕਦੈ।
ਜਿੰਨ੍ਹੇ ਸਮੇਂ ਦੀ ਰਮਜ਼ ਪਛਾਣ ਲਈ, ਚਲਕੇ ਉਸ ਨਾਲ ਮੰਜਲ ਨੂੰ ਪਾ ਸਕਦੈ।
ਵਕਤ ਨਾਲ ਜ਼ਰੂਰੀ ਏ ਸਾਂਝ ਰਖਨੀ, ਰਾਜਨੀਤੀ ਵੀ ਇਹੋ ਤਾਂ ਦੱਸਦੀ ਏ।
ਵਕਤ ਨਾਲ ਜਿਸ ਪੈਂਤਰਾ ਬਦਲ ਲਿਆ, ਉਸ ਦੀ ਹਾਰ ਵਿੱਚ ਜਿੱਤ ਪਈ ਵਸਦੀ ਏ।

ਸਮਾਂ ਆਇਆ ਗੁਰੂ ਘਰ ਅੰਦਰ, ਤੱਤੀ ਤਵੀ ਤੇ ਸਤਿਗੁਰ ਨੂੰ ਬਿੱਠਾ ਦਿਤਾ।
ਭਾਣਾ ਮੰਨ ਕੇ ਪੰਚਮ-ਪਾਤਸ਼ਾਹ ਨੇ, ਆਪਾ ਕੌਮ ਲਈ ਉਨ੍ਹਾਂ ਲਗਾ ਦਿਤਾ।
ਤੱਤੀ ਤਵੀ ਨੇ ਤਨ ਤਾਂ ਸਾੜ ਦਿਤਾ, ਰੂਹ ਕੌਮ ਦੀ ਹੋਈ ਬਲਵਾਨ ਵੇਖੋ।
ਨਵੀਂ ਲੀਹ ਸ਼ਹਾਦਤ ਦੀ ਪਾ ਕੇ ਤੇ, ਚਾੜ੍ਹੀ ਉਹਨੇ ਕੁਰਬਾਨੀ ਦੀ ਪਾਨ ਵੇਖੋ।

ਗੁਰੂ ਹਰਿਗੋਬਿੰਦ ਨੇ ਵਕਤ ਸੰਭਾਲ ਲਿਆ, ਪੀਰੀ ਨਾਲ ਫਿਰ ਮੀਰੀ ਨੂੰ ਜੋੜਿਆ ਸੀ।
ਸੇਲੀ-ਟੋਪੀ ਨੂੰ ਉਹਨਾ ਤਿਆਗ ਦਿਤਾ, ਸ਼ਸਤਰਾਂ ਨਾਲ ਸੰਬੰਧ ਫਿਰ ਜੋੜਿਆ ਸੀ।
ਉਹਨੇ ਪਹਿਨੀਆਂ ਗਲੇ ਤਲਵਾਰਾਂ ਸੀ ਦੋ, ਰਸਤਾ ਕੌਮ ਨੂੰ ਨਵਾਂ ਦਿਖਾ ਦਿਤਾ।
ਰੂਹ ਫੂਕ ਕੇ ਜੋਸ਼ ਖਰੋਸ਼ ਵਾਲੀ ਸਿੱਖਾਂ ਅੰਦਰ, ਨਿਮੋਝੂਣਿਆਂ ਨੂੰ ਸੀ ਯੋਧੇ ਬਣਾ ਦਿਤਾ।

ਨਾਨਕ ਗੁਰੂ ਨੇ ਕਿਹਾ ਸੀ ਚੋਟ ਦੇ ਨਾਲ, ਮੇਰੀ ਗਲੀ 'ਚ ਉਹੀ ਆ ਸਕਦੈ।
ਜਿਸ ਨੂੰ ਚਾਅ ਏ ਮੌਤ ਨਾਲ ਖੇਡਣ ਦਾ, ਸੀਸ ਉਹ ਹੀ ਅਪਨਾ ਕਟਵਾ ਸਕਦੈ।
ਪਰ-ਅਧੀਨ ਨੂੰ ਸੁਪਨੇ-ਸੁਖ ਨਾਹੀ, ਉਹ ਤੇ ਜੀਵਨ ਗੁਲਾਮੀ ਦਾ ਕਟਦਾ ਏ।
ਗਲੋਂ ਫੰਧਾ ਗੁਲਾਮੀ ਦਾ ਲਾਹਣ ਦੇ ਲਈ, ਵਕਤ ਨਾਲ ਉਹ ਰਾਹ ਕੋਈ ਲਭਦਾ ਏ।

ਤਖ਼ਤ ਕੀਤਾ ਅਕਾਲ ਦਾ ਕਾਇਮ ਉਹਨੇ, ਉਹ ਦੀ ਛੱਤਰ-ਛਾਇਆ ਥੱਲੇ ਕੌਮ ਪਲਣ ਲੱਗੀ।
ਵਾਰਾਂ ਢਾਢੀਆਂ ਦੀਆਂ ਨੇ ਜਨਮ ਲਿਆ, ਸ਼ਾਮ ਗ਼ਮਾਂ ਦੀ ਫੇਰ ਸੀ ਢੱਲਣ ਲੱਗੀ।
ਛਾਲੇ ਜਿਸਮ ਦੇ ਬਣ ਅੰਗਾਰ ਉਭਰੇ, ਸੇਕ ਮੁਗ਼ਲ ਦੇ ਰਾਜ ਨੂੰ ਆਉਣ ਲੱਗਾ।
ਭਾਂਬੜ ਬਾਲਿਆ ਜੋ ਸੀ ਤਵੀ ਥਲੇ, ਉਹ ਦੀ ਗਰਮੀ ਨਾਲ ਸੜ-ਬਲ ਜਾਣ ਲੱਗਾ।

**ਜੰਗਾਂ ਲੜੀਆਂ ਚਾਰ ਫਿਰ ਸਤਿਗੁਰਾਂ ਨੇ, ਮੁਗ਼ਲ ਫੌਜਾਂ ਦੇ ਛੱਕੇ ਸੀ ਛੁੜਾ ਦਿੱਤੇ।**
**ਐਸੇ ਮਾਰੇ, ਨਾ ਫੇਰ ਉਹ ਉਠ ਸਕੇ, ਚਣੇ ਲੋਹੇ ਦੇ ਉਹਨਾਂ ਨੂੰ ਚੱਬਾ ਦਿੱਤੇ।**
**ਜੰਗ ਪੁਰ-ਕਰਤਾਰ ਦੀ ਹੋਈ ਭਾਰੀ, ਸਿੰਘਾਂ ਸੂਰਿਆਂ ਜੋਹਰ ਦਿਖਾਏ ਐਸੇ।**
**ਪੈਂਧੇ ਖਾਂ ਵਰਗੇ ਲੂਣ ਹਰਾਮੀ ਸੀ ਜੋ, ਸਿੱਧੇ ਰਸਤੇ ਹਰਿਗੋਬਿੰਦ ਪਾਏ ਐਸੇ।**

**ਪੰਜਾ-ਪੀਰਾਂ ਤੋਂ ਪੀਰੀ ਦੀ ਸੇਧ ਲੈ ਕੇ, ਹਰਿਗੋਬਿੰਦ ਦੀ ਫੇਰ ਸੀ ਆਈ ਵਾਰੀ।**
**ਪੰਚਮ-ਪਾਤਸ਼ਾਹ ਦੀ ਜੋਤ ਸਾਕਾਰ ਹੈ ਸੀ, ਬੜਾ ਯੋਧਾ ਤੇ ਨਾਲੇ ਸੀ ਪਰਉਪਕਾਰੀ।**
**ਦੇ ਕੇ ਅਹੂਤੀ ਪ੍ਰਾਣਾਂ ਦੀ ਪੰਚਮ ਪਾਤਸ਼ਾਹ ਨੇ, ਰਸਤਾ ਕੌਮ ਨੂੰ ਨਵਾਂ ਦਿਖਾਇਆ ਸੀ।**
**ਪੰਚਮ ਪਾਤਸ਼ਾਹ ਤੋਂ ਸਬਕ ਲੈ 'ਸਚਦੇਵਾ',ਇਕ ਹੱਥ ਮਾਲਾ,ਦੂਜੇ ਸ਼ਸਤਰ ਫੜਾਇਆ ਸੀ।**

**-ਸ.ਹਰਜਿੰਦਰ ਸਿੰਘ, ਸਚਦੇਵਾ, ਮੋ : 98769-34244**

## ਖਬਰਾਵਲੀ :

**ਅਕਾਲ ਅਕੈਡਮੀ ਦੇ ਬੱਚਿਆਂ ਨੇ ਦੁਨੀਆ ਦੀ ਸਭ ਤੋਂ ਵੱਡੀ 'ਆਨਲਾਈਨ ਹੱਥ ਛਾਪ ਮੁਹਿੰਮ' ਰਾਹੀਂ ਵਿਸ਼ਵ ਰਿਕਾਰਡ ਬਣਾਉਣ ਦਾ ਬੀੜਾ ਚੁੱਕਿਆ :**
ਐੱਸ. ਏ. ਐੱਸ. ਨਗਰ, ੨੬ ਜੂਨ : ਨਸ਼ਿਆਂ ਦੇ ਖ਼ਿਲਾਫ਼ ਇਕ ਜ਼ਬਰਦਸਤ ਪਹਿਲ ਕਦਮੀ ਕਰਦਿਆਂ ਮੁਹਾਲੀ ਸਥਿਤ ਅਕਾਲ ਅਕੈਡਮੀ ਸਕੂਲਾਂ ਦੇ ਵਿਦਿਆਰਥੀਆਂ ਵਲੋਂ ਵਿਸ਼ਵ ਦੀ ਸਭ ਤੋਂ ਵੱਡੀ 'ਆਨਲਾਈਨ ਹੱਥ ਛਾਪ ਮੁਹਿੰਮ' 'ਚ ਹਿੱਸਾ ਲਿਆ ਗਿਆ। ਇਸ ਵਿਲੱਖਣ ਉਪਰਾਲੇ ਦਾ ਉਦੇਸ਼ 'ਵਰਲਡ ਬੁੱਕ ਆਫ਼ ਰਿਕਾਰਡਜ਼ ਯੂ. ਕੇ.' ਅਤੇ 'ਲਿਮਕਾ ਬੁੱਕ ਆਫ਼ ਰਿਕਾਰਡਜ਼' 'ਚ ਰਿਕਾਰਡ ਬਣਾਉਣ ਦੇ ਨਾਲ-ਨਾਲ ਨਸ਼ਿਆਂ ਵਿਰੁੱਧ ਪ੍ਰਤੀਕ ਤੌਰ 'ਤੇ ਸਹੁੰ ਚੁੱਕਣਾ ਸੀ । ਇਸ ਮੁਹਿੰਮ 'ਚ ਭਾਰਤ ਅਤੇ ਵਿਦੇਸ਼ਾਂ ਤੋਂ ਕੁੱਲ ਮਿਲਾ ਕੇ ਕਰੀਬ ੧ ਲੱਖ ਲੋਕਾਂ ਨੇ ਹਿੱਸਾ ਲਿਆ।

**ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮੀਰੀ ਪੀਰੀ ਧਾਰਨ ਦਿਵਸ ਉਤਸ਼ਾਹ ਸਹਿਤ ਸਹਿਤ ਮਨਾਇਆ :** ਅੰਮਿਤਸਰ, ੨੮ ਜੂਨ : 'ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੁਆਰਾ ਸਿੱਖ ਕੌਮ ਨੂੰ ਸੰਨ ੧੬੦੬ 'ਚ ਬਖ਼ਸ਼ਿਆ ਮੀਰੀ ਪੀਰੀ ਦਾ ਸਿਧਾਂਤ ਅਧਿਆਤਮ ਨਾਲ ਜੁੜਨ ਤੇ ਮਜ਼ਲੂਮਾਂ ਦੀ ਰੱਖਿਆ ਕਰਨ ਵਾਲਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮਨਾਏ ਗਏ ਮੀਰੀ ਪੀਰੀ ਦਿਵਸ ਮੌਕੇ ਸੰਗਤ ਨੂੰ ਸੰਬੋਧਨ

ਕਰਦਿਆਂ ਕੀਤਾ। ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਏ ਗੁਰਮਤਿ ਸਮਾਗਮ ਦੌਰਾਨ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਹਜ਼ੂਰੀ ਰਾਗੀ ਜਥੇ ਨੇ ਕੀਰਤਨ ਕੀਤਾ।

**ਗੁਰੂ ਖ਼ਾਲਸਾ ਪੰਥ ਵਿੱਚ ੧੦੦ ਸਾਲ ਬਾਅਦ ਹੋਈ ਗੁਰਮਤੇ ਦੀ ਵਾਪਸੀ :** ਸ੍ਰੀ ਅਨੰਦਪੁਰ ਸਾਹਿਬ, ੨੯ ਜੂਨ : ਅੱਜ ਦਾ ਦਿਨ ਉਸ ਵੇਲੇ ਇਤਿਹਾਸਿਕ ਹੋ ਨਿੱਬੜਿਆ ਜਦੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਰੀਬ ੧੦੦ ਸਾਲ ਦੇ ਵਕਫ਼ੇ ਬਾਅਦ ਸਿੱਖਾਂ ਵਲੋਂ ਸਾਂਝੇ ਤੌਰ 'ਤੇ ਗੁਰਮਤੇ ਰਾਹੀਂ ਸਾਂਝਾ ਫ਼ੈਸਲਾ ਲਿਆ ਗਿਆ। ਜਿਸ ਵਿਚ 'ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਲਈ ਇਕ ਨਿਸ਼ਕਾਮ ਅਤੇ ਖੁਦ ਮੁਖ਼ਤਿਆਰ ਅਕਾਲੀ ਜਥਾ ਸਿਰਜਿਆ ਜਾਵੇ, ਜੋ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਗੁਰਮਤਾ ਸੰਸਥਾ ਮੁਤਾਬਿਕ ਕਰੇ'। ਮੀਰੀ ਪੀਰੀ ਦਿਹਾੜੇ ਮੌਕੇ ਪੰਥ ਸੇਵਕ ਜੁਝਾਰੂ ਸ਼ਖ਼ਸੀਅਤਾਂ ਦੇ ਸੱਦੇ 'ਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਸ਼ਵ ਸਿੱਖ ਇਕੱਤਰਤਾ ਹੋਈ ਜਿਸ ਵਿਚ ਵੱਡੀ ਗਿਣਤੀ 'ਚ ਖ਼ਾਲਸਾ ਪੰਥ ਅਤੇ ਗੁਰਸੰਗਤਿ ਦੀ ਸੇਵਾ ਵਿਚ ਵਿਚਰਦੀਆਂ ਸੰਪਰਦਾਵਾਂ, ਜਥਿਆਂ ਤੇ ਸੰਸਥਾਵਾਂ ਦੇ ਨੁਮਾਇੰਦਿਆਂ ਤੋਂ ਇਲਾਵਾ ਵਿਦੇਸ਼ਾਂ ਤੋਂ ਵੱਡੀ ਗਿਣਤੀ ਵਿਚ ਸੰਗਤ ਤੇ ਸਭਾ ਸੁਸਾਇਟੀਆਂ ਨੇ ਸ਼ਮੂਲੀਅਤ ਕੀਤੀ।

('ਰੋਜਾਨਾ ਅਜੀਤ' ਵਿਚੋਂ ਧੰਨਵਾਦ ਸਹਿਤ)

---

## ਦਿੱਲੀ ਸਰਕਲ ਆਫਿਸ

**ਸੰਸਥਾ "ਗੁਰਬਾਣੀ ਇਸੁ ਜਗ ਮਹਿ ਚਾਨਣੁ" ਦਾ ਦਿੱਲੀ ਆਫਿਸ**

**ਸ. ਭਗਵੰਤ ਸਿੰਘ,**

204–ਡੀ, ਗਲੀ ਨੰ. 36, ਸਫਦਰਜੰਗ ਐਨਕਲੇਵ,

ਅਰਜਨ ਨਗਰ, ਨਵੀਂ ਦਿੱਲੀ।

ਫੋਨ : 26180398, ਮੋ :99106-00199

**ਸੰਸਥਾ ਬਾਬਤ ਕੋਈ ਵੀ ਪੁੱਛ ਗਿੱਛ ਕਰਨੀ ਹੋਵੇ ਜਾਂ ਸੰਸਥਾ ਦੀਆਂ ਛੱਪੀਆਂ ਪੁਸਤਕਾਂ ਮੰਗਵਾਣੀਆਂ ਹੋਣ ਤਾਂ ਆਪ ਜੀ ਇਨ੍ਹਾਂ ਨਾਲ ਸੰਪਰਕ ਕਰ ਸਕਦੇ ਹੋ।**

# ਸੰਸਥਾ ਦੇ ਕਾਰਜਾਂ ਲਈ ਮੋਹਾਲੀ ਅਤੇ ਚੰਡੀਗੜ੍ਹ ਦੀ ਸੰਗਤ ਵਲੋਂ ਜੂਨ-2023 ਵਿੱਚ ਆਈ ਸਹਾਇਤਾ

**ਜਰਨਲ** : ਸ੍ਰੀ.ਅਸ਼ੋਕ ਭਾਰਦਵਾਜ ੫੦੦/-, ਸ.ਸਵਰਨ ਸਿੰਘ ੨੦੦੦/-, ਸ.ਤੇਜ ਸਿੰਘ ੧੦੦੦/-, ਸ.ਅੰਮ੍ਰਿਤਪਾਲ ਸਿੰਘ ੧੫੫੦/-, ਸ.ਸੁਰਜੀਤ ਸਿੰਘ ੨੦੦੦/-, ਸ.ਵਰਿੰਦਰ ਸਿੰਘ ੫੦੦/-, ਸ.ਅਮਰਿੰਦਰ ਸਿੰਘ ੨੦੦/-, ਸ.ਪਰਮਜੀਤ ਸਿੰਘ ੧੧੦੦/-, ਸ.ਅਵਤਾਰ ਸਿੰਘ ੫੦੦/-, ਗੁਪਤ ੫੦੦/-, ਸ.ਗੁਰਚਰਨ ਸਿੰਘ ੧੦੦/-, ਸ.ਹਰਪ੍ਰੀਤ ਸਿੰਘ ੧੧੦੦/-, ਸ.ਕਰਨਜੀਤ ਸਿੰਘ ੧੦੦/-, ਸ.ਭਵਨੀਤ ਸਿੰਘ ੧੦੦/-, ਸ.ਕੰਵਲਦੀਪ ਸਿੰਘ ੨੦੦/-, ਸ.ਅਮਰਜੋਤ ਸਿੰਘ ੫੦੦/-, ਸ.ਜਸਵੰਤ ਸਿੰਘ ੫੦੦/-, ਸ.ਕੁਲਬੀਰ ਸਿੰਘ ੨੦੦/-, ਸ.ਤੇਜਵੰਤ ਸਿੰਘ ੫੦੦/-, ਸ.ਸੁਖਬੰਸ ਸਿੰਘ ੫੦੦/-, ਸ.ਜਸਭਿੰਦਰ ਸਿੰਘ ੫੦੦੦/-, ਸ.ਪਰਮਜੀਤ ਸਿੰਘ ੫੦੦/-, ਸ.ਬਲਦੇਵ ਸਿੰਘ ਪੰਛੀ ੧੦੦੦/-, ਸ.ਗੁਰਪ੍ਰਤਾਪ ਸਿੰਘ ੧੦੦੦/-, ਸ.ਜਸਵਿੰਦਰ ਕੌਰ ੫੧੦੦/-, ਸ੍ਰੀ.ਸਚਿਨ ੩੦੦੦/-, ਗੁਪਤ ੧੦੦+੨੦੦+੨੦੦/-, ਸ.ਦਲਜੀਤ ਸਿੰਘ ੫੦੦/-, ਸ.ਕਰਨੈਲ ਸਿੰਘ ੧੦੦੦/-, ਸ.ਬਲਵਿੰਦਰ ਸਿੰਘ ੧੦੦੦/-, ਸ.ਜਰਨੈਲ ਸਿੰਘ ੫੦੦/-, ਸ.ਸ਼ਮਸ਼ੇਰ ਸਿੰਘ ੧੧੦੦/-, ਸ.ਪਰਮਜੀਤ ਸਿੰਘ ੧੨੧੦/-, ਸ.ਗੁਰਜ਼ਾਰ ਸਿੰਘ ੧੦੦੦/-, ਸ.ਸਵਰਨ ਸਿੰਘ ੧੦੦੦/-, ਸ.ਹਰੀ ਸਿੰਘ ੧੫੦੦/-, ਬੀਬੀ ਮਨਜੀਤ ਕੌਰ ੬੩/-, ਸ.ਬਲਜੀਤ ਸਿੰਘ ੫੦੦/-, ਸ.ਅਮੋਲਦੀਪ ਸਿੰਘ ੨੨੦੦/-, ਬੀਬੀ ਅਜਮੇਰ ਕੌਰ ੨੦੦/-, **ਸ.ਬਲਦੇਵ ਸਿੰਘ ਫੇਜ ੩ਬੀ੨ ਰਾਹੀਂ** : ਸ.ਕੁਲਦੀਪ ਸਿੰਘ ੧੦੦/-, ਡਾ.ਇਕਬਾਲ ਸਿੰਘ ੫੦੦/-, **ਸ.ਬਲਦੇਵ ਸਿੰਘ ਫੇਜ ੧੦ ਰਾਹੀਂ** : ਡਾ.ਦਰਸ਼ਨਜੋਤ ਕੌਰ ੫੦/-, ਬੀਬੀ ਸਿੰਦਰਪਾਲ ਸਿੰਘ ੨੦੦/-, ਸ.ਅਵਤਾਰ ਸਿੰਘ ੧੦੦/-, ਬੀਬੀ ਜਗਦੀਸ਼ ਕੌਰ ੫੦/-, ਸ.ਬਲਦੇਵ ਸਿੰਘ ੧੦੦/-, **ਸ.ਬਰਿੰਦਰ ਸਿਘ ਫੇਜ ੧੧ ਰਾਹੀਂ** : ਸ.ਗੁਰਦਿਆਲ ਸਿੰਘ ੧੦੦/-, ਸ.ਤੇਜਪਾਲ ਸਿੰਘ ੧੦੦/-, ਸ.ਪ੍ਰਭਕਿਰਤਨ ਸਿੰਘ ੧੦੦/-, ਜਗਜੀਤ ਕੈਮਿਸਟ ੧੦੦/-, ਸਾਹਨੀ ਮੈਡੀਜਲ ਹਾਲ ੨੫੦/-, ਸ.ਅਮਰਜੀਤ ਸਿੰਘ ੧੦੦/-, ਸ.ਤਰਸੇਮ ਸਿੰਘ ੫੦/-, ਜਨਤਾ ਆਟਾ ਚੱਕੀ ੧੦੦/-, ਸ.ਇੰਦਰ ਸਿੰਘ ੧੦੦/-, ਸ.ਸੁਰਿੰਦਰਪਾਲ ਸਿੰਘ ੫੦/-, ਸ.ਜਸਬੀਰ ਸਿੰਘ ੫੦੦/-, ਸ.ਤੇਜਪਾਲ ਸਿੰਘ ੧੦੦/- , **ਸ.ਗੁਰਮੀਤ ਸਿੰਘ ਸੈਕਟਰ ੭੯ ਰਾਹੀਂ** : ਸ.ਪ੍ਰਿਤਪਾਲ ਸਿੰਘ ੧੦੦੦/-, ਸ.ਕਰਮ ਸਿੰਘ ੧੦੦/-, ਸ.ਗੁਰਮੀਤ ਸਿੰਘ ੫੦੦/-, ਸ.ਰੁਪਿੰਦਰ ਸਿੰਘ ੧੦੦/-, ਸ੍ਰੀ.ਐਚ.ਐਸ.ਰੱਖੜਾ ੧੦੦/-, **ਸ.ਅਵਤਾਰ ਸਿੰਘ ਸੈਕਟਰ ੩੨ ਰਾਹੀਂ** : ਸ.ਰਜਿੰਦਰ ਸਿੰਘ ੫੦/-, ਸ.ਗੁਰਕੰਵਲ ਸਿੰਘ ੨੦੦/-, ਸ.ਅਮਰਜੀਤ ਸਿੰਘ ੧੦੦/-, ਸ.ਸਰਬਜੀਤ ਸਿੰਘ ੧੦੦/-, ਗੁਪਤ ੫੦੦/-, **ਸ.ਹਰਜਿੰਦਰ ਸਿੰਘ ਸੈਕਟਰ ੪੯ ਰਾਹੀਂ** : ਸ.ਹਰਜਿੰਦਰ ਸਿੰਘ ੨੫੦/-, ਬੀਬੀ ਦਲਜੀਤ ਕੌਰ ੫੦/-, ਸ.ਹਰਮਿੰਦਰ ਸਿੰਘ ੫੦੦/-, ਗੁਲਾਟੀ ਪਰਿਵਾਰ ੧੦੦/-, ਬੀਬੀ ਮਨਜੀਤ ਕੌਰ ੨੦੦/-, ਸ.ਰਾਜਿੰਦਰਪਾਲ ਸਿੰਘ ੨੦੦/-, ਸ਼ਰਮਾ ਪਰਿਵਾਰ ੧੦੦/-, ਸ.ਅਵਤਾਰ ਸਿੰਘ ਪਰਿਵਾਰ ੧੦੦/-, **ਸ.ਮਨਿੰਦਰ ਸਿੰਘ ਚੰਡੀਗੜ੍ਹ ਰਾਹੀਂ** : ਬੀਬੀ ਕਰਨੈਲ ਕੌਰ ੧੦੦/-, ਸ.ਗੁਰਮੀਤ ਸਿੰਘ ੧੦੦/-, ਸ.ਕਰਨੈਲ ਸਿੰਘ ੧੦੦/-, ਗੁਪਤ ੫੦/-, ਲੇਟ ਸ.ਗੁਰਬਖਸ਼ ਸਿੰਘ ੫੦੦/-, ਸ.ਜਸਵੰਤ ਸਿੰਘ ੫੦੦/-, ਭਾਟੀਆ ਜੀ ੨੦੦/-, ਬੀਬੀ ਦਰਸ਼ਨ ਕੌਰ ੫੦੦/-, ਸ.ਬਲਵੰਤ ਸਿੰਘ ੫੦੦/-, ਬੀਬੀ ਰਵਿੰਦਰ ਕੌਰ ੧੦੦੦/-, **ਸ.ਹਰਦੀਪ ਸਿੰਘ ਮੋਹਾਲੀ ਅਤੇ ਚੰਡੀਗੜ ਰਾਹੀਂ** : ਸ.ਸਰਦੂਲ ਸਿੰਘ ੧੦੦/-, ਸ੍ਰੀ.ਜੀ.ਐਸ.ਓਬਰਾਏ ੫੦/-, ਬੀਬੀ ਜਸਵੰਤ ਕੌਰ ੫੦੦/-, ਸ.ਜੋਗਿੰਦਰ ਸਿੰਘ ੧੦੦/-, ਬੀਬੀ ਮਨਜੀਤ ਕੌਰ ੨੦੦/-, ਬੀਬੀ ਸੁਰਜੀਤ ਕੌਰ ੧੦੦/-, ਸ੍ਰੀ.ਵਾਈ.ਪੀ.ਐਸ.ਆਲੂਵਾਲੀਆ ੨੦੦/-, ਬੀਬੀ ਜਸਪ੍ਰੀਤ ਕੌਰ ੫੦੦/-, ਸ.ਅਨੁਦੀਪ ਸਿੰਘ ੧੦੦੦/-, ਬੀਬੀ ਮਨਜੀਤ ਕੌਰ ੧੦੦/-, ਬੀਬੀ ਗੁਰਦੀਪ ਕੌਰ ੨੦੦/-, ਸ.ਅਲਬੇਲ ਸਿੰਘ ੨੦੦/-, ਸ.ਮੋਹਨ ਸਿੰਘ ੫੦/-, ਸੇਠੀ ਪਰਿਵਾਰ ੧੦੦/-, ਸ.ਮਹਿੰਦਰ ਸਿੰਘ ੫੦/-, ਬੀਬੀ ਮਨਜੀਤ ਕੌਰ ੫੦/-, ਬੀਬੀ ਮਨਜੀਤ ਕੌਰ ੫੦/-, ਸ.ਕਰਨੈਲ ਸਿੰਘ ੧੦/-, ਸ.ਗੁਰਦਿਆਲ ਸਿੰਘ ੫੦/-, ਸ.ਸਤਬੀਰ ਸਿੰਘ ੫੦੦/-, ਸ.ਤੇਜਿੰਦਰ ਸਿੰਘ ੧੦/-, ਬੀਬੀ ਹਰਬੰਸ ਕੌਰ ੫੦੦/-, ਸਡਾਨਾ ਸਟੋਰ ੫੦੦/-, ਸ.ਅਮਰਜੀਤ ਸਿੰਘ ੧੦੦/-, ਸ.ਅਮਰਜੀਤ ਸਿੰਘ ੧੦੦/-, ਗੁਪਤ ੧੦੦/-, ਸ.ਸੋਹਨ ਸਿੰਘ ੨੦੦/-, ਸ.ਸੁਮੀਤ ਸਿੰਘ ੫੦੦/-, ਬੀਬੀ ਇੰਦਰਪ੍ਰੀਤ ਕੌਰ ੧੦੦/-, ਸ.ਅਮਰਜੀਤ ਸਿੰਘ ੧੦੦/-, ਸ.ਜਗਮੋਹਨ ਸਿੰਘ ੧੦੦/-, ਗੁਪਤ ੨੦/-, ਮਿ.ਤਿਵਾੜੀ ੧੦੦/-, ਬੀਬੀ ਜੀਤ ਕੌਰ ੫੦/-,

**ਸ.ਮਨਜੀਤ ਸਿੰਘ ਮੋਹਾਲੀ ਅਤੇ ਚੰਡੀਗੜ੍ਹ ਰਾਹੀਂ** : ਪ੍ਰਿੰਸ ਸਟੇਸ਼ਨਰੀ ੨੦/-, ਮਿਲਨ ਸ਼ੋਪ ੫੦/-, ਸ਼ਾਸਤਰੀ ਮਾਡਲ ਸਕੂਲ ੧੦੦/-, ਸ.ਤਰਲੋਚਨ ਸਿੰਘ ੮੦੦/-, ਸ.ਬਲਦੇਵ ਸਿੰਘ ੨੦੦/-, ਸ.ਨੱਛਤਰ ਸਿੰਘ ੫੦/-, ਬੀਬੀ ਰਤਨ ਕੌਰ ੫੦੦/-, ਗੁਪਤ ੨੦੦/-, ਬੀਬੀ ਬਲਦੇਵ ਕੌਰ ੧੦੦/-, ਗੁਪਤ ੧੦੦/-, ਬੀਬੀ ਜਸਬੀਰ ਕੌਰ ੫੦/-, ਸ.ਕੁਲਦੀਪ ਸਿੰਘ ੨੦/-, ਚੋਹਾਨ ਜਿਊਲਰਜ਼ ੧੦੦/-, ਸ.ਸਰਜੰਤ ਸਿੰਘ ੧੦੦/-, ਸ.ਸੁਰਿੰਦਰ ਸਿੰਘ ੨੦/-, ਸ.ਗੁਰਦੀਪ ਸਿੰਘ ੫੦/-, ਆਯੂਮੈਨ ਪਬਲਿਕ ਸਕੂਲ ੨੦/-, ਸ.ਜੋਗਿੰਦਰ ਸਿੰਘ ੫੦/-, ਸ.ਜੋਗਿੰਦਰ ਸਿੰਘ ੫੦/-, ਦੁਆਬਾ ਫੈਸਨ ੧੦੦/-, ਸ.ਅਜੀਤ ਸਿੰਘ ੫੦/-, ਸ.ਤਰਲੋਚਨ ਸਿੰਘ ੫੦੦/-, ਬੀਬੀ ਗਿਆਨ ਕੌਰ ੧੦੦/-, ਸ.ਮਾਨ ਸਿੰਘ ੪੦੦/-, ਸ.ਸੁਖਮਿੰਦਰ ਸਿੰਘ ੧੦੦/-, ਸ.ਦਵਿੰਦਰ ਸਿੰਘ ੧੦੦/-, ਬੀਬੀ ਇੰਦਰਜੀਤ ਕੌਰ ੨੦੦/-, ਸ.ਜਗਜੀਤ ਸਿੰਘ ੫੦/-, ਸ.ਮਦਨਜੀਤ ਸਿੰਘ ੫੦/-, ਸ.ਜਸਵੰਤ ਸਿੰਘ ੧੦੦/-, ਗੁਪਤ ੧੦੦੦/-, ਬੀਬੀ ਗੁਰਪ੍ਰੀਤ ਕੌਰ ੧੦੦/-, ਸ.ਹਰਸਰਨ ਸਿੰਘ ੫੦/-, ਸ.ਹਰਭਜਨ ਸਿੰਘ ੧੦੦/-, ਸ.ਬਲਦੇਵ ਸਿੰਘ ੧੦੦/-, ਸ.ਜਸਬੀਰ ਸਿੰਘ ੫੦੦/-, ਜੈਮ ਪਬਲਿਕ ਸਕੂਲ ੩੦੦/-, ਬੀਬੀ ਸੁਰਜੀਤ ਕੌਰ ੧੦੦/-, ਸ.ਦਾਰਾ ਸਿੰਘ ੫੦੦/-, ਸ.ਰਜਮਨਦੀਪ ਕੌਰ ੧੦੦/-, ਬੀਬੀ ਜੋਗਿੰਦਰ ਕੌਰ ੨੦/-, ਸ.ਕਰਮ ਸਿੰਘ ੧੦੦/-, ਬੀਬੀ ਕੈਲਾਸ ਕੌਰ ੧੦੦/-, ਬੀਬੀ ਤ੍ਰਿਪਤ ਕੌਰ ੩੦੦/-, ਸ.ਭਾਗ ਸਿੰਘ ੧੦੦/-, ਸ.ਸੁਰਜੀਤ ਸਿੰਘ, ਸ.ਨਿਰਮਲ ਸਿੰਘ ੧੦੦੦/-, ਸ.ਜੋਗਿੰਦਰ ਸਿੰਘ ੧੦੦/-, ਲਵਲੀ ਇਲੈਕਟ੍ਰੀਕਲਸ ੨੦/-, ਅਕਾਲ ਓਪਟੀਕਲ ੧੦੦/-, ਐਡਵਾਂਸ ਇਲੈਕਟ੍ਰੀਕਲਸ ੧੦੦/-, ਨਾਗਪਾਲ ਡਿਪਾਰਟਮੈਂਟ ਸਟੋਰ ੧੦੦/-, ਜੀ.ਕੇ.ਸਟੇਸ਼ਨਰੀ ੨੦/-, ਗੁਪਤ ੧੦੦/-, ਨਾਰੰਗ ਬੈਗ ੨੦/-, ਸ.ਕਰਮ ਸਿੰਘ ੧੦੦/-, ਸ.ਜਸਵਿੰਦਰ ਸਿੰਘ ੧੦੦/-, ਸ.ਮਨਿੰਦਰ ਸਿੰਘ ੧੦੦/-, ਸ੍ਵਰਗਵਾਸੀ ਸੁਰਜੀਤ ਸਿੰਘ ੨੦੦/-, ਸ.ਗੁਰਦੇਵ ਸਿੰਘ ੫੦/-, ਸ.ਰਾਵਿੰਦਰ ਸਿੰਘ ੧੦੦/-, ਸ.ਹਰਜੀਤ ਸਿੰਘ ੨੦੦/-, ਸ.ਭੁਪਿੰਦਰ ਸਿੰਘ ੧੦੦/-, ਗੁਪਤ ੫੦/-, ਸ.ਮਨਜੀਤ ਸਿੰਘ ੩੦/-, ਸ.ਹਾਕਮ ਸਿੰਘ ੨੦੦/-, ਸ.ਜਗੀਰ ਸਿੰਘ ੧੦੦/-, ਸ.ਅੰਮ੍ਰਿਤਪਾਲ ਸਿੰਘ ੫੦੦/-, ਸ.ਰਣਜੀਤ ਸਿੰਘ ੨੦੦/-, ਸ.ਹਰਕੀਰਤ ਸਿੰਘ ੧੦੦/-, ਸ.ਜਗਜੀਤ ਸਿੰਘ ੧੦੦/-, ਸ.ਚਰਨਜੀਤ ਸਿੰਘ ੧੦੦/-, ਬੀਬੀ ਗੁਰਮੀਤ ਕੌਰ ੧੦੦/-, ਡਾ.ਅਤਰ ਸਿੰਘ ੫੦੦/-, ਲੇਟ ਸ.ਬਸੰਤ ਸਿੰਘ ੨੦੦/-, ਮਜੈਸਟਿਕ ਪ੍ਰਿੰਟਿੰਗ ਪ੍ਰੈਸ ੧੦੦੦/-, ਬੀਬੀ ਦਲਜੀਤ ਕੌਰ ੩੦੦੦/-, ਗੁਪਤ ੧੦੦/-, ਸ.ਅਮਰਜੀਤ ਸਿੰਘ ੧੦੦/-, ਸ.ਰਾਜਵੰਤ ਸਿੰਘ ੨੦੦/-, ਸ.ਚਰਨ ਸਿੰਘ ੨੦੦/-, ਸ.ਗੁਰਨਾਮ ਸਿੰਘ ੪੦/-, ਸ.ਮੋਹਨ ਸਿੰਘ ੫੦/-, ਬੀਬੀ ਹਰਸਿਮਰਨ ਕੌਰ ੨੦੦/-, ਸ.ਰਾਜਿੰਦਰ ਸਿੰਘ ੨੦੦/-, ਬੀਬੀ ਸੁਰਿੰਦਰ ਕੌਰ ੧੦੦/-, ਸ.ਭਾਗ ਸਿੰਘ ੧੦੦/-ਸ.ਪਿਆਰਾ ਸਿੰਘ ੧੦੦/-, ਗੁਪਤ ੧੦੦/-, ਸ.ਜਤਿੰਦਰ ਸਿੰਘ ੫੦੦/-, ਸ.ਮਹਿੰਦਰ ਸਿੰਘ ੫੦/-, ਬੀਬੀ ਅੰਮ੍ਰਿਤ ਕੌਰ ੧੦੦੦/-, ਬੀਬੀ ਸੁਰਜੀਤ ਕੌਰ ੧੦੦/-, ਸ.ਹਰਜੀਤ ਸਿੰਘ ੫੦੦/-, ਸ.ਮਨਜੀਤ ਸਿੰਘ ੧੦੦/-, ਸ.ਯਸ਼ਪਾਲ ਸਿੰਘ ੧੦੦/-, ਬੀਬੀ ਅਮਰਜੀਤ ਕੌਰ ੫੦/-, # ੧੭੬੮, ਫੇਜ ੭=੧੦੦/-, ਸ.ਬਲਦੇਵ ਸਿੰਘ ੫੦/-, ਸ.ਭਾਗ ਸਿੰਘ ੫੦/-, ਸ.ਪਰਦੀਪ ਸਿੰਘ ੫੦/-, ਬੀਬੀ ਬਲਵਿੰਦਰ ਕੌਰ ੧੦੦/-, ਸ.ਕੁਲਦੀਪ ਸਿੰਘ ੫੦/-, ਸ੍ਰੀ.ਕੇ.ਜੇ.ਐਸ.ਉਪਲ ੫੦/-, ਸ.ਜਸਵੰਤ ਸਿੰਘ ੧੦੦/-, ਸ.ਨਰਿੰਦਰ ਸਿੰਘ ੫੦/-, ਬੀਬੀ ਮਨਮੋਹਨ ਕੌਰ ੧੦੦/-, ਸ.ਹਰਜਿੰਦਰ ਸਿੰਘ ੫੦/-, ਸ.ਗੁਰਮੇਲ ਸਿੰਘ ੫੦/-, ਸ.ਨਿਰਮਲ ਸਿੰਘ ੨੦੦/-, ਸ.ਗੁਰਚਰਨ ਸਿੰਘ ੨੦/-, ਸ.ਗੁਰਕੀਰਤ ਸਿੰਘ ੧੦੦/-, ਬਾਬਾ ਜੀ ੭੦/-, ਬੀਬੀ ਸੁਰਜੀਤ ਕੌਰ ੫੦/-, ਸ.ਰਣਧੀਰ ਸਿੰਘ ੧੦੦/-, ਸ.ਇੰਦਰਜੀਤ ਸਿੰਘ ੧੦੦/-, ਸ.ਤਾਰੂ ਸਿੰਘ ੧੦੦/-, ਸ.ਜਸਵੰਤ ਸਿੰਘ ੫੦੦/-, ਬੀਬੀ ਹਰਿੰਦਰ ਕੌਰ ੧੦੦/-, ਸ.ਗੁਰਇੰਦਰ ਸਿੰਘ ੫੦੦/-, ਸ.ਭੁਪਿੰਦਰ ਸਿੰਘ ੨੦੦/-, ਸ.ਮਸਤ ਸਿੰਘ ੪੦/-, ਸ.ਮਨਿੰਦਰ ਸਿੰਘ ੧੦੦/-, ਸ.ਸੁਖਦੇਵ ਸਿੰਘ ੧੦੦/-, ਸ੍ਰੀ.ਕੇ.ਪੀ.ਐਸ. ੧੦੦/-, ਸ.ਸਰਬਜੀਤ ਸਿੰਘ ੧੦੦/-, ਸ.ਨਸੀਬ ਸਿੰਘ ੫੦/-, # ੨੭੩੬-ਏ, ਸੈਕਟਰ ੭੦=੫੦/-, ਸ.ਵਰਿੰਦਰ ਸਿੰਘ ੧੦/-, ਗੁਪਤ ੧੦੦/-, ਸ.ਏ.ਪੀ.ਸਿੰਘ ੫੦/-, ਬੀਬੀ ਕਰਮਜੋਤ ਕੌਰ ੫੦/-, ਸ.ਪ੍ਰਦੁਮਨ ਸਿੰਘ ੧੦੦/-, ਸ.ਦਰਸਨ ਸਿੰਘ ੫੦/-, ਬੀਬੀ ਸੁਰਜੀਤ ਕੌਰ ੧੦੦/-, ਸ.ਮਨਜੀਤ ਸਿੰਘ ੧੦੦/-, ਸ.ਇੰਦਰਪਾਲ ਸਿੰਘ ੨੦੦/-, ਬੀ.ਕੇ.ਫੈਸਨ ੧੦੦/-, ਬੀਬੀ ਜਗਦੀਸ਼ ਕੌਰ ੧੦੦/-, ਬੀਬੀ ਹਰਦੀਪ ਕੌਰ ੨੦੦/-

Date of Publication :1st & 2nd of every Month. Posted Through MB
P.O. Regn. G/CHD/0090/2021-2023
Regd. Newspaper R.N.I. PUNPUN/ 2000/3037
'ਗੁਰਬਾਣੀ ਚਾਨਣੁ' (ਮਾਸਿਕ ਪੱਤ੍ਰਿਕਾ)
If Undelivered Return to: Bhawan No. 6, Phase-3-A (Sec-53)
S.A.S. Nagar, MOHALI (Chandigarh) - 160059 (INDIA)

# ਤੁਖਾਰੀ ਛੰਤ ਮਹਲਾ ੧ ਬਾਰਹ ਮਾਹਾ ॥

(ਅੰਗ-੧੧੦੮)

## ਮਹੀਨਾ ਭਾਦੋਂ

ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ ॥ ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ ॥ ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ ਲਵੰਤੇ ॥ ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ ਭੁਇਅੰਗਮ ਫਿਰਹਿ ਡਸੰਤੇ ॥ ਮਛਰ ਡੰਗ ਸਾਇਰ ਭਰ ਸੁਭਰ ਬਿਨੁ ਹਰਿ ਕਿਉ ਸੁਖੁ ਪਾਈਐ ॥ ਨਾਨਕ ਪੂਛਿ ਚਲਉ ਗੁਰ ਅਪੁਨੇ ਜਹ ਪ੍ਰਭੁ ਤਹ ਹੀ ਜਾਈਐ॥

ਭਾਦੋਂ ਦੇ ਮਹੀਨੇ ਜੀਵ-ਇਸਤਰੀ ਭਰਮਾਂ ਦੀ ਭਟਕਣ ਵਿੱਚ ਪਈ ਹੋਈ ਹੈ, ਉਹ ਅਪਣੀ ਭਰ-ਜੁਆਨੀ ਵਿੱਚ ਪਛਤਾ ਰਹੀ ਹੈ।

ਸਾਰੇ ਪਾਸੇ ਪਾਣੀ ਹੀ ਪਾਣੀ ਨਜ਼ਰ ਆ ਰਿਹਾ ਹੈ।

ਬਰਸਾਤ ਦੀ ਰੁੱਤ ਹੈ, ਡੱਡੂ ਤੇ ਮੋਰ ਵੀ ਬੋਲਦੇ ਹਨ।

ਐਸੀ ਅਵਸਥਾ ਵਿੱਚ ਪਿਰ (ਪ੍ਰਮੇਸ਼੍ਵਰ) ਤੋਂ ਬਿਨਾਂ ਜੀਵ-ਇਸਤਰੀ ਕਿਵੇਂ ਸੁੱਖੀ ਰਹਿ ਸਕਦੀ ਹੈ।

ਖਾਲੀ ਮੋਰ ਤੇ ਡੱਡੂ ਹੀ ਨਹੀਂ ਬੋਲਦੇ ਸਗੋਂ ਬਾਬੀਹਾ (ਪਪੀਹਾ) ਵੀ ਪ੍ਰਿਉ ਪ੍ਰਿਓ ਕਰਦਾ ਹੈ। ਫਨੀਅਰ ਸੱਪ ਵੀ ਲੋਕਾਂ ਨੂੰ ਡੰਗਦੇ ਫਿਰਦੇ ਹਨ।

ਮੱਛਰ ਵੀ ਡੰਗ ਮਾਰਦੇ ਹਨ। ਸਰੋਵਰ ਵੀ ਪਾਣੀ ਨਾਲ ਨਕਾ-ਨਕ ਭਰੇ ਹੋਏ ਹਨ।

ਪਤੀ-ਪ੍ਰਮੇਸ਼੍ਵਰ ਤੋਂ ਬਿਨਾਂ ਜੀਵ-ਇਸਤਰੀ ਕਿਵੇਂ ਸੁੱਖ ਪਾ ਸਕਦੀ ਹੈ।

ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਮੈਂ ਆਪਣੇ ਸਤਿਗੁਰੂ ਨੂੰ ਪੁੱਛ ਕੇ ਚੱਲਾਂਗਾ ਅਤੇ ਜਿੱਧਰ ਵੀ ਪ੍ਰਮੇਸ਼੍ਵਰ ਮਿਲਣਗੇ, ਮੈਂ ਉੱਧਰ ਹੀ ਜਾਵਾਂਗਾ ਅਤੇ ਪ੍ਰਭੂ ਜੀ ਨੂੰ ਮਿਲ ਪਾਵਾਂਗਾ।